Postal No. - G/CHD/0196/2021-2023
Regd No. 32212/78

# ਲੁਬਾਣਾ ਸੇਵਕ

ਜਨਵਰੀ 2022 ਮਾਸਿਕ ਮੁੱਲ : 25/-

## ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਵੱਲੋਂ ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ ਲੱਖ-ਲੱਖ ਵਧਾਈ



ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

## ਸੰਪਾਦਕੀ...

# ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ



ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਸੰਨ 1666 ਈ: ਨੂੰ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਤੇ ਮਾਤਾ ਗੁਜਰੀ ਜੀ ਦੇ ਗ੍ਰਹਿ ਸ੍ਰੀ ਪਟਨਾ ਸਾਹਿਬ ਵਿਖੇ ਹੋਇਆ। ਜਦੋਂ ਗੁਰੂ ਸਾਹਿਬ ਦਾ ਜਨਮ ਹੋਇਆ ਤਾਂ ਉਸ ਸਮੇਂ ਸੰਸਾਰ ਵਿਚ ਅਨਿਆਂ ਦਾ ਬੋਲਬਾਲਾ ਸੀ।

ਆਪ ਜੀ ਦੇ ਜਨਮ ਸਮੇਂ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਸੰਗਤਾਂ ਨੂੰ ਦਰਸ਼ਨ ਦੇਣ ਲਈ ਬੰਗਾਲ ਪ੍ਰਾਂਤ (ਢਾਕਾ) ਵਿਖੇ ਜਾ ਰਹੇ ਸਨ ਅਤੇ ਬੱਚੇ ਦੇ ਜਨਮ ਦੀ ਖ਼ਬਰ ਮਿਲਦਿਆਂ ਸਾਰ ਹੀ ਆਪ ਜੀ ਨੇ ਸੰਦੇਸ਼ ਭੇਜ ਕੇ ਕਿਹਾ ਕਿ ਬਾਲਕ ਦਾ ਨਾਮ 'ਗੋਬਿੰਦ ਰਾਏ' ਰੱਖਿਆ ਜਾਵੇ। ਮਾਤਾ ਗੁਜਰੀ ਜੀ ਤੇ ਮਾਮਾ ਕ੍ਰਿਪਾਲ ਚੰਦ ਆਪ ਦਾ ਪੂਰਾ ਧਿਆਨ ਰੱਖ ਰਹੇ ਸਨ ਅਤੇ ਚਾਰ-ਪੰਜ ਸਾਲ ਆਪ ਪਟਨਾ ਵਿਖੇ ਹੀ ਰਹੇ। ਆਪ ਜੀ ਨੇ ਬਿਹਾਰੀ ਬੋਲੀ ਬਚਪਨ ਦੇ ਸਾਥੀਆਂ ਕੋਲੋਂ ਤੇ ਦਾਦੀ ਮਾਤਾ ਨਾਨਕੀ ਜੀ ਅਤੇ ਮਾਤਾ ਗੁਜਰੀ ਜੀ ਤੋਂ ਆਪ ਨੇ ਪੰਜਾਬੀ ਬੋਲੀ ਸਿਖੀ।

ਜਦੋਂ ਆਪ ਜੀ ਥੋੜ੍ਹੇ ਵੱਡੇ ਹੋਏ ਤਾਂ ਬੱਚਿਆਂ ਨੂੰ ਨਾਲ ਲੈ ਕੇ ਗੰਗਾ ਦੇ ਕਿਨਾਰੇ ਬੱਚਿਆਂ ਦੀਆਂ ਦੋ ਢਾਣੀਆਂ ਬਣਾ ਕੇ ਲੜਾਈ ਲੜਨ ਦੀ ਖੇਡ ਖੇਡਦੇ। ਬਾਲ ਉਮਰ ਵਿਚ ਹੀ ਆਪ ਤੀਰਅੰਦਾਜ਼ੀ ਦੇ ਮਾਹਿਰ ਬਣ ਗਏ ਸਨ।

ਪਿਤਾ ਗੁਰੂ ਤੇਗ ਬਹਾਦਰ ਜੀ ਨੇ ਪਹਿਲੀ ਵਾਰ ਬਾਲ ਗੋਬਿੰਦ ਰਾਇ ਨੂੰ ਵੇਖਿਆ ਤਾਂ ਪਰਮਾਤਮਾ ਦਾ ਸ਼ੁਕਰਾਨਾ ਕੀਤਾ। ਥੋੜ੍ਹੀ ਦੇਰ ਪਟਨਾ ਰੁਕਣ ਤੋਂ ਬਾਅਦ ਗੁਰੂ ਤੇਗ ਬਹਾਦਰ ਜੀ ਅਨੰਦਪੁਰ ਸਾਹਿਬ ਨੂੰ ਵਾਪਿਸ ਆ ਗਏ। ਗੁਰੂ ਤੇਗ ਬਹਾਦਰ ਜੀ ਨੇ ਜਦ ਪੰਜਾਬ ਦੀ ਹੋਰ ਵਿਗੜਦੀ ਦਸ਼ਾ ਦੇਖੀ ਤਾਂ ਪਰਿਵਾਰ ਨੂੰ ਵਾਪਿਸ ਆਪਣੇ ਕੋਲ ਬੁਲਾਉਣਾ ਹੀ ਠੀਕ ਸਮਝਿਆ ਤਾਂ ਕਿ ਬਾਲਕ ਗੋਬਿੰਦ ਰਾਇ ਦੀ ਸਿੱਖਿਆ ਹੁਣ ਉਹਨਾਂ ਦੀ ਆਪਣੀ ਦੇਖ-ਰੇਖ ਵਿਚ ਹੋ ਸਕੇ। ਗੁਰੂ ਗੋਬਿੰਦ ਸਿੰਘ ਜੀ ਨੇ 9 ਸਾਲ ਦੀ ਉਮਰ ਤੱਕ ਅਰਬੀ, ਫਾਰਸੀ, ਸੰਸਕ੍ਰਿਤ ਤੇ ਹੋਰ ਕਈ ਭਾਸ਼ਾਵਾਂ ਦਾ ਗਿਆਨ ਪ੍ਰਾਪਤ ਕਰ ਲਿਆ ਸੀ। ਕਸ਼ਮੀਰੀ ਪੰਡਤਾਂ ਦੀ ਬੇਨਤੀ ਤੇ 9 ਸਾਲ ਦੀ ਉਮਰ ਵਿਚ ਆਪ ਨੇ ਆਪਣੇ ਪਿਤਾ ਜੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਮਨੁੱਖਤਾ ਦੀ ਰੱਖਿਆ ਲਈ ਸ਼ਹਾਦਤ ਦੇਣ ਲਈ ਦਿੱਲੀ ਵੱਲ ਤੋਰਿਆ ਤਾਂ ਜੋ ਮਨੁੱਖਤਾ ਅੰਦਰ ਡਰ ਖਤਮ ਕੀਤਾ ਜਾਵੇ ਅਤੇ ਮੁਰਦਾ ਹੋ ਚੁੱਕੀ ਕੌਮ ਵਿਚ ਨਵੀਂ ਰੂਹ ਫੂਕੀ ਜਾਵੇ। ਗੁਰੂ ਸਾਹਿਬ ਜੀ ਨੇ 1699 ਈ: ਵਿਚ ਖਾਲਸਾ ਪੰਥ ਦੀ ਸਿਰਜਣਾ ਕਰਕੇ ਅਜਿਹੇ ਮਰਜੀਵੜਿਆਂ ਦੀ ਕੌਮ ਪੈਦਾ ਕਰਕੇ ਜ਼ੁਲਮ ਵਿਰੁੱਧ ਡਟਣ ਦੀ ਭਾਵਨਾ ਪੈਦਾ ਕਰ ਦਿੱਤੀ। ਖ਼ਾਲਸਾ ਪੰਥ ਦੀ ਸਿਰਜਣਾ ਕਰਨ ਸਮੇ ਆਪ ਨੇ ਪੰਜ ਪਿਆਰਿਆਂ ਨੂੰ ਇੱਕੋ ਹੀ ਬਾਟੇ ਵਿਚ ਅੰਮ੍ਰਿਤ ਛਕਾ ਕੇ ਊਚ-ਨੀਚ ਦਾ ਭੇਦ ਮਿਟਾ ਕੇ ਗਿੱਦੜਾਂ ਤੋਂ ਸ਼ੇਰ ਬਣਾਇਆ। ਇਥੇ ਹੀ ਬਸ ਨਹੀਂ ਸਗੋਂ ਆਪ ਵੀ ਪੰਜ ਪਿਆਰਿਆਂ ਤੋਂ ਅੰਮ੍ਰਿਤ ਛਕ ਕੇ ਉਨ੍ਹਾਂ ਨੇ ਗੁਰੂ ਚੇਲੇ ਦਾ ਭੇਦ ਭਾਵ ਮਿਟਾ ਦਿੱਤਾ। ਸਦੀਆਂ ਤੋਂ ਬੁਜ਼ਦਿਲ ਸਮਝੇ ਜਾਂਦੇ ਲੋਕਾਂ ਨੇ ਖੰਡੇ-ਬਾਟੇ ਦੀ ਪਾਹੁਲ ਛਕ ਕੇ ਦੁਸ਼ਮਣਾਂ ਨੂੰ ਜੰਗ ਵਿਚ ਕਰਾਰੀ ਮਾਤ ਦਿੱਤੀ ਜਿਸ ਨਾਲ ਅੱਤਿਆਚਾਰੀ ਮੁਗਲ ਸ਼ਾਸਨ ਦੀਆਂ ਜੜ੍ਹਾਂ ਹਿਲ ਗਈਆਂ।

ਗੁਰੂ ਸਾਹਿਬ ਜੀ ਨੇ ਕੇਵਲ ਜੰਗ ਵਿਚ ਸਿੰਘਾਂ ਨੂੰ ਹੀ ਸ਼ਹੀਦ ਨਹੀਂ ਕਰਵਾਇਆ ਬਲਕਿ ਆਪਣੇ ਸ਼ਾਹਿਬਜ਼ਾਦਿਆਂ, ਮਾਤਾ ਜੀ ਤੇ ਪਿਤਾ ਜੀ ਦੀ ਸ਼ਹੀਦੀ ਦੇ ਕੇ ਸਰਬੰਸਦਾਨੀ ਦਾ ਰੁਤਬਾ ਪ੍ਰਾਪਤ ਕੀਤਾ ਤੇ ਪਰਮਾਤਮਾ ਦਾ ਸ਼ੁਕਰਾਨਾ ਕੀਤਾ।

ਗੁਰੂ ਸਾਹਿਬ ਨੇ ਆਪਣੀ ਬਾਣੀ ਅੰਦਰ ਮਨੁੱਖ ਨੂੰ ਖਾਲਸ ਜੀਵਨ ਜੀਉਣ ਦਾ ਮਾਰਗ ਦਰਸਾਇਆ ਹੈ। ਅਨੇਕਤਾ ਦੀ ਥਾਂ ਏਕਤਾ ਦਾ ਪਾਠ ਆਪ ਜੀ ਦੇ ਉਪਦੇਸ਼ਾਂ ਵਿਚੋਂ ਪ੍ਰਬਲ ਰੂਪ ਵਿਚ ਉਜਾਗਰ ਹੁੰਦਾ ਹੈ।

ਆਓ ਗੁਰੂ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਮਨਾਉਂਦੇ ਹੋਏ, ਉਨ੍ਹਾਂ ਵੱਲੋਂ ਬਖਸ਼ੀ ਖੰਡੇ ਬਾਟੇ ਦੀ ਪਾਹੁਲ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ, ਆਪਣੇ ਜੀਵਨ ਨੂੰ ਸਫਲਾ ਕਰੀਏ!


**ਹਰਭਜਨ ਸਿੰਘ**
**ਪ੍ਰਧਾਨ**
**ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ (ਰਜਿ.) ਚੰਡੀਗੜ੍ਹ**

# ਲੁਬਾਣਾ ਸੇਵਕ


**Chief Editor**
**Er. Harbhajan Singh**
Dy. C.E. (Retd.) President
M.: 98140-62091

**Addl. Chief Editor**
**Er. Parminderjit Singh**
M.: 99153-57524

**Editor**
**Er. Bhagwan Singh Lubana**
Dy C.E. (Retd.)
E-mail:bslubana187@gmail.com
M.: 98155-40240

**Co-Editor**
**S. Surinder Singh Ruby ETO (Retd.)**
M.: 98141-28181

**Advisors**
1. Er. Kulbir Singh Sujlana (General Secretary) PSE-1, (S.E. Retd.) M.: 98725-13970
2. S. Naginderjit Singh (Legal Advisor) Session Judge (Retd.), M.: 98159-02643
3. S. Narinder Singh, PES (Retd.) M.: 98555-34236
4. S. Mohinder Singh, DSP (Retd.) M.: 98144-74535
5. Dr. Preet Mohinder Pal Singh M.: 98148-98289


**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**


ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਫ਼ੋਨ - 0172-2657340
e-mail:lobanafoundation@gmail.com
Websitelink : bmslchd.org, lobanafoundation.org
FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-10304629441, IFSC Code:- SBIN0001443
Note - On depositing kindly intimate your name and address to the Foundation.
Contact no.-0172-2657340 & President 98140-62091, General Secretary-98725-13970


| | | |
|---|---|---|
| ਦੇਸ | : | 250 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 2500 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।

**ਜਨਵਰੀ ਮਹੀਨੇ ਦੀ ਮੱਸਿਆ, ਸੰਗਰਾਂਦ ਅਤੇ ਪੂਰਨਮਾਸ਼ੀ (ਮਿਤੀ ਅਤੇ ਦਿਨ)**

**ਮੱਸਿਆ - (੧੯ ਪੋਹ) 2-01-2022 (ਐਤਵਾਰ)**
**ਸੰਗਰਾਂਦ - (੧ ਮਾਘ) 14-01-2022 (ਸ਼ੁੱਕਰਵਾਰ)**
**ਪੂਰਨਮਾਸ਼ੀ - (੪ ਮਾਘ) 17-01-2022 (ਸੋਮਵਾਰ)**

ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ ਜ਼ਹੂਰਾ

## ਤਤਕਰਾ


ਜਿਲਦ ਨੰ. 41 | ਅੰਕ - 104 | ਜਨਵਰੀ - 2022



| | | |
|---|---|---|
| 1. | ਖੁਸ਼-ਆਮਦੀਦ ਸਾਲ 2020 | 4 |
| 2. | ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਜੀ | 5 |
| 3. | ਖਿਦਰਾਣੇ ਦੀ ਢਾਬ ਤੋਂ ਮੁਕਤਸਰ | 9 |
| 4. | ਸ਼ਹੀਦ ਬਾਬਾ ਦੀਪ ਸਿੰਘ ਜੀ | 10 |
| 5. | ਗੁਰ ਸਾਗਰ ਦੇ ਸੁੱਚੇ ਮੋਤੀ | 12 |
| 6. | ਸਮੁੱਚੇ ਬਰਾਦਰੀ ਹਾਲਾਤ ਤੇ ਇਕ ਝਾਤ | 14 |
| 7. | ਆਇਆ ਲੋਹੜੀ ਦਾ ਤਿਉਹਾਰ, ਲੈ ਕੇ ਖੁਸ਼ੀਆਂ, ਸਧਰਾਂ, ਪਿਆਰ | 15 |
| 8. | ਪੱਛੜੀਆਂ ਸ਼੍ਰੇਣੀਆਂ ਦਾ ਰਾਖਵਾਂਕਰਨ – ਅਤੀਤ ਤੇ ਵਰਤਮਾਨ | 17 |
| 9. | ਕਹਾਣੀ/ਪਿਤਾ | 19 |
| 10. | ਆਓ ਜਾਣੀਏ! | 22 |
| 11. | ਸਿਹਤ ਸੰਭਾਲ | 24 |
| 12. | ਕਾਵਿ-ਕਿਆਰੀ | 26 |
| 13. | जीवन में शिक्षा का महत्त्व | 28 |
| 14. | प्यासा हिरण, पहेलियाँ | 29 |
| 15. | खेलों की आवश्यकता और महत्त्व | 30 |
| 16. | Shaheed-E-Azam Udham Singh | 31 |
| 17. | OBC Today and Yesterday | 33 |
| 18. | Drones | 34 |
| 19. | Republic Day | 35 |
| 20. | Matrimonial | 37 |
| 21. | ਦਾਨੀ ਸੱਜਣਾਂ ਦੀ ਸੂਚੀ | 41 |



'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।



**Printed & Published by Harbhajan Singh for Baba Makhan Shah Lobana Foundation (Regd.) Sector 30-A, Chandigarh.**

**Computer Designing - WP&S, M.: 98153-78692**

# ਖ਼ੁਸ਼-ਆਮਦੀਦ ਸਾਲ 2022

ਨਵੇਂ ਸਾਲ ਦੀਆਂ ਮੁਬਾਰਕਾਂ ਦਿੰਦਿਆਂ ਹੀ ਬੀਤੇ ਕੁਝ ਸਾਲਾਂ ਦੀ ਯਾਦ ਤਾਜ਼ਾ ਹੋ ਜਾਂਦੀ ਹੈ। ਪਹਿਲਾਂ ਨਵੇਂ ਸਾਲ ਦੀਆਂ ਮੁਬਾਰਕਾਂ ਦੀਆਂ ਤਿਆਰੀਆਂ ਕਈ ਕਈ ਦਿਨ ਪਹਿਲਾ ਸ਼ੁਰੂ ਹੋ ਜਾਂਦੀਆਂ ਸਨ ਪਰ ਹੁਣ ਤਾਂ ਨਵੇਂ ਵਰ੍ਹੇ ਦੀ ਵਧਾਈ ਕੁਝ ਮਿੰਟਾਂ ਦੀ ਖੇਡ ਰਹਿ ਗਈ। ਐਸ.ਐਮ.ਐਸ. ਅਤੇ ਈ-ਮੇਲ ਨੇ ਗਰੀਟਿੰਗ ਕਾਰਡ ਦੀ ਮਹੱਤਤਾ ਬਿਲਕੁਲ ਖਤਮ ਕਰ ਦਿੱਤੀ ਹੈ। ਮੈਸੇਜ ਅੱਜ ਜ਼ਿੰਦਗੀ ਦਾ ਅਹਿਮ ਅੰਗ ਬਣ ਗਏ ਹਨ। ਜਦੋਂ ਮੋਬਾਇਲ ਫੋਨ ਦਾ ਪ੍ਰਸਾਰ ਹੋਇਆ ਉਦੋਂ ਮੈਸੇਜ ਹੋਂਦ ਵਿਚ ਆ ਗਏ ਪਰ ਪਿਛਲੇ 7-8 ਸਾਲਾਂ ਤੋਂ ਤਾ ਮੈਸੇਜ ਦਾ ਬਹੁਤ ਹੀ ਜ਼ਿਆਦਾ ਪ੍ਰਸਾਰ ਹੋ ਗਿਆ ਹੈ। ਜਦੋਂ ਤੋਂ ਮੈਸੇਜ ਹੋਂਦ ਵਿਚ ਆਏ ਹਨ ਉਦੋਂ ਤੋਂ ਗਰੀਟਿੰਗ ਕਾਰਡ ਤੇ ਚਿੱਠੀਆਂ ਦੀ ਮਹੱਤਤਾ ਤਾਂ ਬਿਲਕੁਲ ਖ਼ਤਮ ਹੋ ਗਈ। ਪਰ ਚਿੱਠੀਆਂ ਚਿੱਠੀਆਂ ਸਨ।ਆਪਣੇ ਮਿੱਤਰ ਪਿਆਰਿਆਂ, ਸਾਕ-ਸਬੰਧੀਆਂ ਤੇ ਭੈਣਾ-ਭਰਾਵਾਂ ਦੀਆਂ ਨਵੇਂ ਸਾਲ ਦੀਆਂ ਮੁਬਾਰਕਾਂ ਦੀਆਂ ਲੰਮੀਆਂ-ਲੰਮੀਆਂ ਚਿੱਠੀਆਂ ਪੜ੍ਹਦਿਆਂ ਰਾਤਾਂ ਬੀਤ ਜਾਂਦੀਆਂ ਸਨ। ਕਈ-ਕਈ ਦਿਨ ਤਾ ਆਪਣੇ ਸਨੇਹੀਆਂ ਦੇ ਨਵੇਂ ਸਾਲ ਦੇ ਗਰੀਟਿੰਗ ਕਾਰਡ ਉਡੀਕਦਿਆਂ ਹੀ ਲੰਘ ਜਾਂਦੇ ਸਨ। ਪਰ... ਹੁਣ ਮੋਬਾਇਲਾਂ ਰਾਹੀਂ ਇਹ ਸਾਰਾ ਪ੍ਰਸੀਜਰ ਕੁਝ ਸਕਿੰਟਾਂ ਦੀ ਖੇਡ ਬਣ ਕੇ ਰਹਿ ਗਿਆ ਹੈ।

ਨਵੇਂ ਸਾਲ ਦਾ ਚਾਅ ਵੀ ਹੁਣ ਪਹਿਲਾਂ ਵਾਂਗ ਨਹੀਂ ਰਿਹਾ। ਪਹਿਲਾਂ ਦੂਰਦਰਸ਼ਨ ਕੇਂਦਰ ਜਲੰਧਰ ਤੋਂ ਪ੍ਰਸਾਰਨ ਹੋਣ ਵਾਲਾ ਨਵੇਂ ਸਾਲ ਦਾ ਪ੍ਰੋਗਰਾਮ ਬਹੁਤ ਖਾਸੀਅਤ ਰੱਖਦਾ ਸੀ। ਹੁਣ ਤਾਂ ਦੂਰਦਰਸ਼ਨ ਨੂੰ ਕੋਈ ਦੇਖਣਾ ਵੀ ਪਸੰਦ ਨਹੀਂ ਕਰਦਾ, ਬੱਸ! ਪਿੰਡਾਂ ਦੇ ਕੁਝ ਦਰਸ਼ਕ ਜਾਂ ਜੋ ਦਰਸ਼ਕ ਆਪਣੇ ਵਿਰਸੇ ਨਾਲ ਜੁੜੇ ਰਹਿਣਾ ਚਾਹੁੰਦੇ ਹਨ ਉਹ ਹੀ ਦੂਰਦਰਸ਼ਨ ਕੇਂਦਰ ਦੇ ਪ੍ਰੋਗਰਾਮ ਦਾ ਇੰਤਜ਼ਾਰ ਕਰਦੇ ਹਨ। ਹੁਣ ਚੈਨਲਾਂ ਦੀ ਭਰਮਾਰ ਹੀ ਇੰਨੀ ਹੋ ਗਈ ਹੈ ਕਿ ਪਤਾ ਹੀ ਨਹੀਂ ਲੱਗਦਾ ਕਿ ਕਿਹੜੇ ਚੈਨਲ ਤੇ ਕਿਹੜਾ ਪ੍ਰੋਗਰਾਮ ਆਉਣਾ ਹੈ।

ਬੀਤੇ ਸਾਲ ਕਰੋਨਾ ਦੀ ਭਿਆਨਕ ਬਿਮਾਰੀ ਕਾਰਨ ਸਾਨੂੰ ਸਾਰਿਆਂ ਨੂੰ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਕਈ ਲੋਕ ਇਸ ਭਿਆਨਕ ਬਿਮਾਰੀ ਕਾਰਨ ਸਾਨੂੰ ਅਲਵਿਦਾ ਕਹਿ ਗਏ। ਕਰੋਨਾ ਕਾਰਨ ਬੱਚਿਆਂ ਦੀ ਪੜ੍ਹਾਈ ਦਾ ਵੀ ਕਾਫੀ ਨੁਕਸਾਨ ਹੋਇਆ। ਜੇਕਰ ਕਾਰੋਬਾਰ ਦੀ ਗੱਲ ਕਰੀਏ ਤਾਂ ਸਾਲ 2021 ਕਾਰੋਬਾਰ ਲਈ ਵੀ ਬਹੁਤ ਮੰਦਭਾਗਾ ਰਿਹਾ। ਸਾਲ 2021 ਵਿਚ ਬਹੁਤ ਸਾਰੀਆਂ ਫੈਕਟਰੀਆਂ, ਸੂਕਲ-ਕਾਲਜ, ਮਿੱਲਾਂ, ਸੰਸਥਾਵਾਂ ਇਥੋਂ ਤੱਕ ਕਿ ਛੋਟੇ ਕਾਰੋਬਾਰ ਵੀ ਬੰਦ ਹੋ ਗਏ ਜਿਸ ਦਾ ਅਸਰ ਆਮ ਇਨਸਾਨ ਉੱਤੇ ਪਿਆ। ਜਿਸ ਕਾਰਨ ਬਹੁਤ ਸਾਰੇ ਲੋਕਾਂ ਨੂੰ ਆਪਣੇ ਕੰਮਕਾਰ ਤੋਂ ਹੱਥ ਧੋਣੇ ਪਏ ਅਤੇ ਬਹੁਤ ਸਾਰੇ ਲੋਕ ਜੋ ਕਿ ਯੂ.ਪੀ. ਜਾਂ ਬਿਹਾਰ ਤੋਂ ਪੰਜਾਬ ਵਿਚ ਕੰਮ ਲਈ ਆਏ ਸਨ ਉਨ੍ਹਾਂ ਨੂੰ ਵਾਪਸ ਜਾਣਾ ਪਿਆ। ਬਹੁਤ ਸਾਰੀਆਂ ਸੰਸਥਾਵਾਂ ਲੋਕਾਂ ਦੀ ਮੱਦਦ ਲਈ ਅੱਗੇ ਆਈਆਂ, ਜਿਸ ਨਾਲ ਆਮ ਲੋਕਾਂ ਨੂੰ ਕਾਫੀ ਰਾਹਤ ਮਿਲੀ। ਬੀਤ ਗਏ ਸਮੇਂ ਦੀ ਅਗਰ ਅਸੀਂ ਸਵੈ-ਪੜਚੋਲ ਕਰਦੇ ਹਾਂ ਤਾਂ ਆਉਣ ਵਾਲੇ ਸਮੇਂ ਲਈ ਇਨਸਾਨੀ ਫਿਤਰਤ ਵਿਚ ਬਦਲਾਅ ਆਉਂਦਾ ਹੀ ਹੈ। ਆਸ ਅਤੇ ਉਮੀਦ ਕੁਦਰਤ ਦਾ ਅਸੂਲ ਹੈ ਅਤੇ ਇਸ ਸੱਚਾਈ ਤੇ ਹੀ ਦੁਨੀਆਂ ਚੱਲਦੀ ਹੈ। ਆਉਣ ਵਾਲੇ ਸਮੇਂ ਵਿਚ ਸੁਚੱਜੀ ਜ਼ਿੰਦਗੀ ਬਸਰ ਕਰਨਾ ਅਤੇ ਸਮਾਜ ਨੂੰ ਬਿਹਤਰ ਬਨਾਉਣਾ ਸਾਡੇ ਆਪਣੇ ਮਨ ਦੀ ਅਵਸਥਾ ਤੇ ਨਿਰਭਰ ਕਰਦਾ ਹੈ। ਬੀਤ ਗਿਆ ਸਾਲ ਕੁਝ ਮਿੱਠੀਆਂ ਪਰ ਬਹੁਤ ਸਾਰੀਆਂ ਕੌੜੀਆਂ ਯਾਦਾਂ ਛੱਡਦਾ ਹੋਇਆ ਸਮਾਪਤ ਹੋਇਆ। ਖੈਰ!

ਆਓ ਕਾਮਨਾ ਕਰੀਏ ਕਿ ਆਉਣ ਵਾਲੇ ਸਾਲ 2022 ਵਿੱਚ ਸਭ ਨੂੰ ਸੁੱਖ ਮਿਲੇ। ਮਨੁੱਖ ਏਨਾ ਸੋਝੀਵਾਨ ਹੋ ਜਾਵੇ ਕਿ ਉਹ ਰੁੱਖਾਂ ਨੂੰ ਕੱਟਣ ਦੀ ਬਜਾਏ ਆਪਣੇ ਦੇਸ, ਆਪਣੀ ਧਰਤੀ ਨੂੰ ਹਰਾ ਭਰਿਆ ਰੱਖੇ। ਕੋਈ ਮਨੁੱਖ ਦਾਜ ਦਾ ਲਾਲਚੀ ਨਾ ਰਹੇ, ਕੰਨਿਆਂ ਆਪਣੇ ਬਾਬਲ ਦੀ ਪੱਗੜੀ ਦੀ ਲਾਜ ਰੱਖਣ ਦੇ ਸਮਰੱਥ ਹੋਵੇ ਤਾਂ ਜੋ ਉਨ੍ਹਾਂ ਨੂੰ ਵੇਖ ਕੇ ਕੋਈ ਕੰਨਿਆਂ ਨੂੰ ਪੇਟ ਵਿੱਚ ਨਾ ਮਾਰੇ। ਕੋਈ ਸਰਕਾਰ ਜ਼ਰੂਰਤ ਦੀਆਂ ਚੀਜ਼ਾਂ ਮਹਿੰਗੀਆਂ ਨਾ ਕਰੇ ਸਕੇ। ਇਸ ਧਰਤੀ ਤੇ ਕੋਈ ਭੁੱਖਾ ਨਾ ਸੌਂਵੇ। ਵਿਦਿਆ ਦਾ ਚਾਨਣ ਘਰ ਘਰ ਪਹੁੰਚੇ।ਆਉਣ ਵਾਲਾ ਸਾਲ 2022 ਹਰੇਕ ਲਈ ਖੁਸ਼ੀਆਂ ਭਰਿਆ ਹੋਵੇ।

ਮੈਨੂੰ ਇਸ ਮੌਕੇ ਕਿਸੇ ਸ਼ਾਇਰ ਦੀਆਂ ਲਿਖੀਆਂ ਗੱਲਾਂ ਯਾਦ ਆ ਰਹੀਆਂ ਹਨ -

**ਐਸਾ ਭਾਗਾ ਭਰਿਆ ਇਹ ਸਾਲ ਹੋਵੇ।**
**ਹਰ ਕਿਸੇ ਦਾ ਹੱਲ ਸਵਾਲ ਹੋਵੇ।**
**ਬਲੀ ਦਾਜ ਦੀ ਨਾ ਚੜ੍ਹੇ ਕੋਈ,**
**ਤੇ ਨਾ ਕੋਈ ਕਿਸੇ ਹਾਦਸੇ ਦਾ ਸ਼ਿਕਾਰ ਹੋਵੇ।**
**ਖ਼ੁਦਕੁਸ਼ੀ ਕਿਸਾਨ ਨਾ ਕਰੇ ਕੋਈ,**
**ਤੇ ਹਰ ਘਰ ਵਿਚ ਰੋਟੀ-ਦਾਲ ਹੋਵੇ।**
**ਧੀ ਕੁੱਖ 'ਚ ਨਾ ਕਤਲ ਕਰਾਵੇ ਕੋਈ,**
**ਤੇ ਮਾੜਾ ਨਾ ਕਿਸੇ ਦੇ ਮਨ 'ਚ ਖਿਆਲ ਹੋਵੇ।**
**ਹਰ ਕਿਸੇ ਨੂੰ ਪੱਕਾ ਰੁਜ਼ਗਾਰ ਮਿਲੇ,**
**ਸਭ ਦਾ ਜੀਵਨ ਖੁਸ਼ਹਾਲ ਹੋਵੇ।**
**ਐਸਾ ਭਾਗਾ ਭਰਿਆ ਇਹ ਸਾਲ ਹੋਵੇ।**

**ਹਰਭਜਨ ਸਿੰਘ**
**ਪ੍ਰਧਾਨ - ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

*9 ਜਨਵਰੀ ਪ੍ਰਕਾਸ਼ ਪੁਰਬ 'ਤੇ ਵਿਸ਼ੇਸ਼*

# ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਜੀ



ਮਰਦ ਅਗੰਮੜਾ, ਸਰਬੰਸ-ਦਾਨੀ, ਅੰਮ੍ਰਿਤ ਦੇ ਦਾਤੇ ਧੰਨ ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਾਰਾ ਜੀਵਨ ਹੀ ਅਲੌਕਿਕ ਘਟਨਾਵਾਂ ਨਾਲ ਭਰਪੂਰ ਹੈ। ਆਪ ਜੀ ਨੇ 22 ਦਸੰਬਰ 1666 ਈ: ਨੂੰ ਪਿਤਾ ਗੁਰੂ ਤੇਗ ਬਹਾਦਰ ਜੀ ਤੇ ਮਾਤਾ ਗੁਜਰੀ ਜੀ ਦੇ ਗ੍ਰਹਿ ਪਟਨਾ ਸਾਹਿਬ (ਬਿਹਾਰ) ਵਿਖੇ ਪ੍ਰਕਾਸ਼ ਧਾਰਿਆ। ਜਿਨ੍ਹੀਂ ਦਿਨੀਂ ਆਪ ਜੀ ਦਾ ਪ੍ਰਕਾਸ਼ ਹੋਇਆ ਉਨ੍ਹੀ ਦਿਨੀਂ ਆਪ ਜੀ ਦੇ ਪਿਤਾ ਸ੍ਰੀ ਗਰੂ ਤੇਗ ਬਹਾਦਰ ਸਾਹਿਬ ਜੀ ਅਸਾਮ-ਬੰਗਾਲ ਦੇ ਦੌਰੇ 'ਤੇ ਪ੍ਰਚਾਰ ਕਰਨ ਗਏ ਹੋਏ ਸਨ। ਉਨ੍ਹਾਂ ਨੂੰ ਆਪਣੇ ਲਾਡਲੇ ਸਪੁੱਤਰ ਦੇ ਪ੍ਰਕਾਸ਼ ਦੀ ਖਬਰ ਭਾਈ ਮੇਹਰ ਚੰਦ ਅਤੇ ਭਾਈ ਕਲਿਆਣ ਚੰਦ ਜੀ ਦੁਆਰਾ ਮਿਲੀ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਸਾਮ ਦੇ ਦੌਰੇ ਤੋਂ ਸੰਨ 1670 ਈ: ਵਿਚ ਵਾਪਸ ਪਰਤੇ, ਉਸ ਸਮੇਂ ਆਪ ਦੇ ਲਾਡਲੇ ਸਪੁੱਤਰ ਗੋਬਿੰਦ ਰਾਏ ਜੀ ਵੀ ਸਾਢੇ ਤਿੰਨ ਸਾਲ ਦੇ ਹੋ ਚੁੱਕੇ ਸਨ। ਨੌਵੇਂ ਗੁਰੂ ਸਾਹਿਬ ਪਟਨੇ ਕੁਝ ਦਿਨ ਠਹਿਰਨ ਤੋਂ ਬਾਅਦ ਪਰਿਵਾਰ ਨੂੰ ਪਟਨੇ ਰੁਕਣ ਦਾ ਆਦੇਸ਼ ਦੇ ਕੇ ਵਾਪਸ ਪੰਜਾਬ ਆ ਗਏ ਸਨ। ਇਸ ਤਰ੍ਹਾਂ ਗੋਬਿੰਦ ਰਾਏ ਜੀ ਦੇ ਬਚਪਨ ਦੇ ਪਹਿਲੇ ਪੰਜ ਸਾਲ ਪਟਨੇ ਵਿਚ ਹੀ ਬਤੀਤ ਹੋਏ। ਜਿੱਥੇ ਆਪ ਜੀ ਦਾ ਅਵਤਾਰ ਹੋਇਆ ਉਥੇ ਸੁੰਦਰ ਗੁਰਦੁਆਰਾ ਤਖਤ ਸ੍ਰੀ ਪਟਨਾ ਸਾਹਿਬ ਸੁਸ਼ੋਭਿਤ ਹੈ।


**ਸੰਪਾਦਕ**
**ਭਗਵਾਨ ਸਿੰਘ ਲੁਬਾਨਾ**
**98155-40240**




**ਤਹੀ ਪ੍ਰਕਾਸ਼ ਹਮਾਰਾ ਭਯੋ ॥**
**ਪਟਨਾ ਸਹਰ ਬਿਖੈ ਭਵ ਲਯੋ ॥**

ਅਨੰਦਪੁਰ ਸਾਹਿਬ ਵਿਖੇ ਹੀ ਆਪ ਜੀ ਦੇ ਪਿਤਾ ਜੀ ਦੁਆਰਾ ਆਪ ਜੀ ਦੇ ਲਈ ਭਾਂਤ-ਭਾਂਤ ਦੀ ਵਿੱਦਿਆ ਦਾ ਖਾਸ ਪ੍ਰਬੰਧ ਕੀਤਾ ਗਿਆ। ਅਨੰਦਪੁਰ ਸਾਹਿਬ ਵਿਖੇ ਹੀ ਆਪ ਜੀ ਨੇ ਘੋੜ ਸਵਾਰੀ, ਤੀਰ ਅੰਦਾਜੀ, ਬੰਦੂਕ, ਖੰਡਾ ਆਦਿ ਸ਼ਸਤਰ ਵਿੱਦਿਆ ਪ੍ਰਾਪਤ ਕੀਤੀ। ਗੁਰਬਾਣੀ ਆਪ ਜੀ ਨੇ ਆਪਣੇ ਮਾਤਾ ਗੁਜਰੀ ਜੀ ਪਾਸੋਂ ਪੜ੍ਹ ਕੇ ਕੰਠ ਕਰ ਲਈ ਸੀ ਅਤੇ ਗੁਰਮਤਿ ਦੀ ਹੋਰ ਵਿਸਥਾਰ ਸਹਿਤ ਜਾਣਕਾਰੀ ਆਪ ਜੀ ਨੇ ਗੁਰੂ-ਘਰ ਦੇ ਗ੍ਰੰਥੀ ਮੁਨਸ਼ੀ ਸਾਹਿਬ ਚੰਦ ਜੀ ਤੋਂ ਪ੍ਰਾਪਤ ਕੀਤੀ। ਫਾਰਸੀ ਦੀ ਵਿੱਦਿਆ ਆਪ ਜੀ ਨੇ ਕਾਜੀ ਨੂਰਦੀਨ ਸਲੋਹ ਪਾਸੋਂ ਪ੍ਰਾਪਤ ਕੀਤੀ ਅਤੇ ਸੰਸਕ੍ਰਿਤ ਦੀ ਵਿੱਦਿਆ ਆਪ ਜੀ ਨੇ ਮਟਨ ਨਿਵਾਸੀ ਪੰਡਿਤ ਕਿਰਪਾ ਰਾਮ ਜੀ ਤੋਂ ਪ੍ਰਾਪਤ ਕੀਤੀ।

ਸਿੱਖ ਧਰਮ ਦਾ ਸੰਦੇਸ਼ ਲੋਕਾਈ ਤੀਕ ਪ੍ਰਚਾਰਨ ਲਈ ਗੁਰੂ ਸਾਹਿਬਾਨ ਨੇ ਮਹਾਨ ਕਾਰਜ ਕੀਤੇ। ਜਿਸ ਧਰਮ ਰੂਪੀ ਮਹੱਲ ਦੀ ਬੁਨਿਆਦ ਸ੍ਰੀ ਗੁਰੂ ਨਾਨਕ ਸਾਹਿਬ ਨੇ ਰੱਖੀ ਸੀ ਅਤੇ ਜਿਸ ਦੀਆਂ ਨੀਹਾਂ ਵਿੱਚ ਗੁਰੂ ਅਰਜਨ ਦੇਵ ਜੀ ਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਆਪਣੀਆਂ ਮਹਾਨ ਸ਼ਹੀਦੀਆਂ ਦੀ ਰੱਤ ਪਾ ਕੇ ਇਸ ਨੂੰ ਮਜ਼ਬੂਤੀ ਬਖਸ਼ੀ ਸੀ, ਉਸ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਪੂਰਾ ਕੀਤਾ। ਗੁਰੂ ਗੋਬਿੰਦ ਸਿੰਘ ਜੀ ਨੇ ਜ਼ੁਲਮ ਦੇ ਪੈਰਾਂ ਹੇਠ ਲਿਤਾੜੀ ਜਾ ਰਹੀ ਮਨੁੱਖਤਾ ਦੀ ਰੱਖਿਆ ਕਰਨ ਹਿਤ ਭਾਰੀ ਜੱਦੋ-ਜਹਿਦ ਕੀਤੀ ਅਤੇ 'ਸ਼ੁਭ ਕਰਮਨ ਤੇ ਕਬਹੂੰ ਨ ਟਰੋਂ'' ਅਨੁਸਾਰ ਪਰਮਾਤਮਾ ਵੱਲੋਂ ਸੌਂਪੇ ਕਾਰਜ ਨੂੰ ਪੂਰਨ ਸਫ਼ਲਤਾ ਸਹਿਤ ਮੁਕੰਮਲ ਕਰ ਵਿਖਾਇਆ।

ਧਰਮ ਅਤੇ ਮਨੁੱਖਤਾ ਦੀ ਰੱਖਿਆ ਹਿਤ ਕਲਗੀਧਰ ਪਾਤਸ਼ਾਹ ਜੀ ਨੇ ਆਪਣੇ ਪਿਤਾ 'ਹਿੰਦ ਦੀ ਚਾਦਰ' ਸ੍ਰੀ ਗੁਰੂ ਤੇਗ ਬਹਾਦਰ ਜੀ, ਮਾਤਾ ਗੁਜਰੀ ਜੀ ਤੇ ਚਾਰੇ ਸਪੁੱਤਰਾਂ ਨੂੰ ਕੁਰਬਾਨ ਕਰ ਦਿੱਤਾ। ਧਰਮ ਤੇ ਮਾਨਵਤਾ ਦੀ ਰੱਖਿਆ ਲਈ ਹੀ 'ਅਕਾਲ ਪੁਰਖ' ਨੇ ਆਪ ਜੀ ਨੂੰ ਇਸ ਜਗਤ ਵਿੱਚ ਭੇਜਿਆ ਸੀ:

**ਹਮ ਇਹ ਕਾਜ ਜਗਤ ਮੋ ਆਏ ॥**
**ਧਰਮ ਹੇਤ ਗੁਰਦੇਵ ਪਠਾਏ ॥**
**ਜਹਾਂ ਤਹਾਂ ਤੁਮ ਧਰਮ ਬਿਥਾਰੋ ॥**
**ਦੁਸਟ ਦੋਖੀਅਨ ਪਕਰਿ ਪਛਾਰੋ ॥**

ਜਦੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਿੱਲੀ ਵਿਖੇ ਚਾਂਦਨੀਂ ਚੌਂਕ ਵਿਚ ਧਰਮ ਦੀ ਖਾਤਰ ਸੰਨ 1675 ਈ: ਨੂੰ ਬਲੀਦਾਨ ਦੇਣ ਲਈ ਗਏ, ਉਸ ਵੇਲੇ ਉਹ ਆਪਣੇ ਸਪੁੱਤਰ ਸ੍ਰੀ ਗੋਬਿੰਦ ਰਾਏ ਜੀ ਨੂੰ ਗੁਰਗੱਦੀ ਦੀ ਜ਼ਿੰਮੇਵਾਰੀ ਸੰਭਾਲਣ ਦਾ ਹੁਕਮ ਕਰ ਗਏ ਸਨ, ਗੋਬਿੰਦ ਰਾਏ ਜੀ ਨੇ 9 ਸਾਲ ਦੀ ਛੋਟੀ ਜਿਹੀ ਅਵਸਥਾ ਵਿਚ ਆਪਣੇ ਪਿਤਾ ਨੂੰ ਮਜ਼ਲੂਮਾਂ ਦੇ ਹਿੱਤ ਲਈ ਧਰਮ ਤੋਂ ਕੁਰਬਾਨ ਹੋਣ ਲਈ ਜਿਸ ਦਲੇਰੀ ਨਾਲ ਤੋਰਿਆ ਉਹ ਸ੍ਰੀ ਗੋਬਿੰਦ ਰਾਏ ਜੀ ਦੀ ਬੀਰਤਾ, ਆਤਮਿਕ ਉਚਤਾ ਅਤੇ ਆਉਣ ਵਾਲੇ ਕਠਿਨ ਸਮੇਂ ਵਿਚ ਦੀਨ-ਦੁਖੀਆਂ ਦੀ ਰੱਖਿਆ ਦਾ ਸਬੂਤ ਸੀ, ਆਪ ਜੀ ਨੂੰ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਤੋਂ ਬਾਅਦ ਗੁਰਗੱਦੀ 'ਤੇ ਬਿਰਾਜਮਾਨ ਹੋਏ। ਗੁਰਗੱਦੀ ਦੀ ਰਸਮ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਦੀ ਪੰਜਵੀਂ ਪੀੜੀ ਤੋਂ ਉਨ੍ਹਾਂ ਦੇ ਪੜੋਤੇ ਬਾਬਾ ਰਾਮ ਕੁਇਰ ਜੀ ਨੇ ਆਪਜੀ ਨੂੰ ਜ਼ਿਗਾ-ਕਲਗੀ ਸਜਾ ਅਤੇ ਕ੍ਰਿਪਾਨ ਪਹਿਨਾ ਕੇ ਸੰਪੂਰਨ ਕੀਤੀ। ਗੁਰਗੱਦੀ 'ਤੇ ਬਿਰਾਜਣ ਤੋਂ ਬਾਅਦ ਗੁਰੂ ਸਾਹਿਬ ਜੀ ਨੂੰ ਜਿਨ੍ਹਾਂ ਔਕੜਾਂ ਅਤੇ ਤਾਕਤਾਂ ਦਾ ਸਾਹਮਣਾ ਕਰਨਾ ਪਿਆ ਉਨ੍ਹਾਂ ਵਿਚ ਇੱਕ ਤਾਕਤ ਬਾਦਸ਼ਾਹ ਔਰੰਗਜ਼ੇਬ ਦੀ ਸੀ ਅਤੇ ਦੂਜੀ ਤਾਕਤ ਪਹਾੜੀ ਰਾਜਿਆਂ ਦੀ ਸੀ, ਜੋ ਸਿੱਖੀ ਦਾ ਵਧਦਾ-ਫੁੱਲਦਾ ਤੇਜ ਬਰਦਾਸ਼ਤ ਨਹੀਂ ਕਰ ਸਕਦੇ ਸਨ। ਪਰ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੇ ਕੌਮ ਵਿਚ ਜਜ਼ਬੇ ਦਾ ਜੋ ਹੜ੍ਹ ਵਗਾਇਆ ਸੀ ਉਸ ਨੂੰ ਕਿਸੇ ਵੇਗ ਵਿਚ ਲਿਆਉਣ ਲਈ ਉਤਮ ਅਗਵਾਈ ਦੀ ਜ਼ਰੂਰਤ ਸੀ।

ਜੇਕਰ ਔਕੜਾਂ ਦੀ ਗੱਲ ਲਈਏ ਤਾਂ ਉਸ ਸਮੇਂ ਸਭ ਤੋਂ ਵੱਡੀ ਔਕੜ ਸਾਧਨਾਂ ਅਤੇ ਫੌਜ ਦੀ ਘਾਟ ਦੀ ਸੀ, ਅਤੇ ਨਵੇਂ ਸਿਰਿਉਂ ਸੂਰਬੀਰਾਂ ਵਿਚ ਫੌਲਾਦ ਜਿਹੀ ਤਾਕਤ ਭਰਨੀ, ਇਸ ਸਭ ਲਈ ਸ੍ਰੀ ਗੁਰੂ ਗੋਬਿੰਦ ਰਾਏ ਜੀ ਨੂੰ ਵਿਰਾਸਤ ਵਿਚ ਮਿਲਿਆ ਪਿਤਾ-ਪੁਰਖੀ ਬਹੁਮੁੱਲਾ ਵਿਰਸਾ ਸਭ ਤੋਂ ਵੱਧ ਸਹਾਇਕ ਹੋਇਆ, ਜਿਸ ਨੂੰ ਪ੍ਰਚਾਰਨ ਲਈ ਗੁਰੂ ਸਾਹਿਬ ਜੀ ਨੇ ਢਾਡੀਆਂ ਨੂੰ ਸੂਰਮਿਆਂ ਦੀਆਂ ਵਾਰਾਂ ਅਤੇ ਸਿੱਖ ਇਤਿਹਾਸ ਗਾ ਕੇ ਸੁਣਾਉਣ ਲਈ ਪ੍ਰੇਰਿਤ ਕੀਤਾ, ਅਤੇ ਨਾਲ ਹੀ ਫੌਜ ਦੀ ਤਿਆਰੀ ਅਤੇ ਹਰ ਪ੍ਰਕਾਰ ਦੇ ਫੌਜੀ ਸਾਧਨਾ ਵੱਲ ਵੀ ਆਪ ਜੀ ਨੇ ਉਚੇਚੇ ਤੌਰ 'ਤੇ ਧਿਆਨ ਦਿੱਤਾ। ਆਪ ਜੀ ਨੇ ਸੰਗਤਾਂ ਨੂੰ ਘੋੜੇ, ਸ਼ਸ਼ਤਰ, ਗੋਲੀ-ਸਿੱਕਾ ਅਤੇ ਫੌਜੀ ਸਾਧਨ ਭੇਟਾ ਵਜੋਂ ਲਿਆਉਣ ਲਈ ਹੁਕਮਨਾਮੇ ਭੇਜੇ ਅਤੇ ਨਾਲ ਹੀ ਉਨ੍ਹਾਂ ਜਵਾਨੀਆਂ ਦੀ ਮੰਗ ਕੀਤੀ ਜੋ ਧਰਮ ਤੋਂ ਆਪਣਾ ਜੀਵਨ ਅਰਪਨ ਕਰਨ ਲਈ ਤਿਆਰ-ਬਰ ਤਿਆਰ ਹੋਣ।

ਜਿਵੇਂ ਹੀ ਦਸਮ ਪਾਤਸ਼ਾਹ ਨੇ ਅਨੰਦਪੁਰ ਸਾਹਿਬ ਵਿਚ ਜਵਾਨਾਂ ਨੂੰ ਨਕਲੀ ਜੰਗਾਂ ਦਾ ਅਭਿਆਸ ਕਰਾਉਣਾ ਸ਼ੁਰੂ ਕੀਤਾ ਤਾਂ ਉਸ ਦੇ ਸਿੱਟੇ ਵਜੋਂ ਆਪ ਦੀ ਫੌਜ ਵਿਚ ਬਹੁਤ ਸਾਰੇ ਸਿਰਕੱਢ ਸੂਰਮਿਆਂ ਨੇ ਆਪਣੀਆਂ ਜਵਾਨੀਆਂ ਅਤੇ ਸ਼ਸ਼ਤਰ ਗੁਰੂ ਸਾਹਿਬ ਦੇ ਭੇਟ ਕੀਤੇ, ਜਿਨ੍ਹਾਂ ਵਿੱਚੋਂ ਅਸਾਮ ਦੇ ਰਾਜਾ ਰਾਮ ਰਾਇ ਦੇ ਸਪੁੱਤਰ ਰਤਨ ਰਾਇ ਨੇ ਵੀ ਗੁਰੂ ਸਾਹਿਬ ਲਈ ਭੇਟਾਵਾਂ ਪਰਸਾਦੀ ਹਾਥੀ, ਪੰਜ ਕਲਾ ਸ਼ਸ਼ਤਰ (ਤਲਵਾਰ, ਗੁਰਜ, ਬਰਛੀ, ਨੇਜਾ, ਪਸਤੌਲ) ਮੋਤੀਆਂ ਦੀ ਮਾਲਾ, ਚੰਨਣ ਦੀ ਚੌਂਕੀ, ਚਾਂਦੀ ਦਾ ਕਟੋਰਾ ਆਦਿ ਗੁਰੂ ਸਾਹਿਬ ਦੀ ਭੇਟਾ ਕੀਤੀਆਂ। ਆਪ ਜੀ ਨੇ ਆਪਣੀ ਫੌਜ ਵਿਚ ਤਨਖਾਹਦਾਰ ਫੌਜੀ ਵੀ ਭਰਤੀ ਕੀਤੇ, ਜਿਨ੍ਹਾਂ ਵਿਚ ਹਿੰਦੂ, ਸਿੱਖ ਅਤੇ ਮੁਸਲਮਾਨ ਵੀ ਸਨ। ਅਨੰਦਪੁਰ ਸਾਹਿਬ ਵਿਚ ਆਪ ਜੀ ਨੇ 8 ਸਾਲ ਰਹਿ ਕੇ ਜਥੇਬੰਦੀ ਨੂੰ ਪੂਰੀ ਤਰ੍ਹਾਂ ਮਜ਼ਬੂਤ ਕਰ ਲਿਆ ਸੀ। ਬੇਸ਼ੱਕ ਗੁਰੂ ਸਾਹਿਬ ਜੀ ਅਮਨ ਦੇ ਪੁਜਾਰੀ ਸਨ ਪਰ ਮਜ਼ਲੂਮਾਂ ਉਤੇ ਹੁੰਦੇ ਜ਼ੁਲਮ ਨੂੰ ਵੀ ਕਿਵੇਂ ਸਹਾਰ ਸਕਦੇ ਸਨ?

ਭਾਵੇਂ ਔਰੰਗਜ਼ੇਬ ਨੇ ਸੰਨ 1670 ਵਿਚ ਰਾਗ-ਗਾਇਨ ਅਤੇ ਸੰਨ 1680 ਵਿਚ ਪਾਠਸ਼ਾਲਾਵਾਂ ਅਤੇ ਸੰਸਕ੍ਰਿਤ ਆਦਿ ਭਾਸ਼ਾਵਾਂ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾ ਦਿੱਤੀ ਸੀ, ਪਰ ਗੁਰੂ ਨਾਨਕ ਸਾਹਿਬ ਦੇ ਘਰ ਵਿਚ ਕੀਰਤਨ ਨੂੰ ਮਹੱਤਵਪੂਰਨ ਪਦਵੀ ਪ੍ਰਾਪਤ ਹੈ, ਇਸ ਲਈ ਗੁਰੂ ਸਾਹਿਬ ਜੀ ਨੇ ਔਰੰਗਜ਼ੇਬ ਦੇ ਹੁਕਮ ਦੀ ਪਰਵਾਹ ਨਾ ਕਰਦਿਆਂ ਸਭੇ ਗੁਰੂ ਘਰ ਦੇ ਕੀਰਤਨੀਆਂ ਅਤੇ ਅਲੱਗ-ਅਲੱਗ ਭਾਸ਼ਾਵਾਂ ਦੇ ਗਿਆਤਾਵਾਂ ਨੂੰ ਆਨੰਦਪੁਰ ਸਾਹਿਬ ਦੇ ਦਰਬਾਰ ਵਿਚ ਥਾਂ ਦਿੱਤੀ ਅਤੇ ਨਾਲ ਹੀ ਆਪ ਜੀ ਨੇਤਰਹੀਣ ਪੁਰਸ਼ਾਂ ਅਤੇ ਸੂਰਮਿਆਂ ਸਿੰਘਾਂ ਨੂੰ ਰਬਾਬ, ਤਾਊਸ, ਸਿਰੰਦਾ, ਜੋੜੀ ਆਦਿਕ ਦੀ ਆਪ ਹੀ ਸਿਖਲਾਈ ਕਰਵਾਉਂਦੇ ਸਨ ਤਾਂ ਕਿ ਉਹ ਆਪਣੀਆਂ ਜ਼ਿੰਮੇਵਾਰੀਆਂ ਆਪ ਸੰਭਾਲਣ। ਔਰੰਗਜ਼ੇਬ ਦੇ ਹੁਕਮ ਦੀ ਪਰਵਾਹ ਨਾ ਕਰਦਿਆਂ ਹੋਇਆਂ ਆਪ ਜੀ ਨੇ ਅਨੰਦਪੁਰ ਸਾਹਿਬ ਵਿਖੇ ਹੀ ਪੰਜਾਬੀ, ਹਿੰਦੀ, ਫ਼ਾਰਸੀ ਅਤੇ ਸੰਸਕ੍ਰਿਤ ਆਦਿ ਦੀ ਵਿੱਦਿਆ ਦਾ ਪ੍ਰਬੰਧ ਚਲਾਇਆ।

ਆਪ ਜੀ ਦੇ ਘਰ ਮਾਤਾ ਜੀਤੋ ਜੀ ਦੀ ਕੁੱਖੋਂ ਤਿੰਨ ਸਪੁੱਤਰ, ਬਾਬਾ ਜੁਝਾਰ ਸਿੰਘ ਜੀ, ਬਾਬਾ ਜ਼ੋਰਾਵਰ ਸਿੰਘ ਜੀ ਅਤੇ ਸਭ ਤੋਂ ਛੋਟੇ ਸਪੁੱਤਰ ਬਾਬਾ ਫਤਹਿ ਸਿੰਘ ਜੀ ਨੇ ਜਨਮ ਲਿਆ। ਮਾਤਾ ਸੁੰਦਰੀ ਜੀ ਦੀ ਕੁੱਖੋਂ ਸਭ ਤੋਂ ਵੱਡੇ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਨੇ ਪਾਉਂਟਾ ਸਾਹਿਬ ਵਿਖੇ ਜਨਮ ਲਿਆ।

ਸੰਮਤ 1742 ਬਿਕ੍ਰਮੀ ਮੁਤਾਬਕ ਸੰਨ 1685 ਈ: ਵਿਚ ਜਦੋਂ ਆਪ ਜੀ ਨਾਹਨ ਰਿਆਸਤ ਦੇ ਰਾਜੇ ਮੇਦਨੀ ਪ੍ਰਕਾਸ਼ ਦੀ ਬੇਨਤੀ ਮੰਨ ਕੇ ਨਾਹਨ ਗਏ ਅਤੇ ਨਾਹਨ ਰਿਆਸਤ ਵਿਚ ਇਕ ਗੁਰਦੁਆਰਾ ਤਿਆਰ ਕਰਵਾਇਆ ਜਿਸ ਦਾ ਨਾਮ ਆਪ ਜੀ ਨੇ ਪਾਉਂਟਾ ਸਾਹਿਬ ਰੱਖਿਆ, ਇੱਥੇ ਆਪ ਜੀ ਨੇ ਸਾਹਿਤ ਰਚਨਾ ਕਰਨ-ਕਰਾਉਣ ਦਾ ਕੰਮ ਵੀ ਜਾਰੀ ਰੱਖਿਆ। ਪਾਉਂਟਾ ਸਾਹਿਬ ਵਿਖੇ ਆਪ ਜੀ ਆਪਣੇ ਦਰਬਾਰ ਵਿਚ ਢਾਡੀ ਨੱਥਾ ਮੱਲ ਦੇ ਪੁੱਤਰ ਢਾਡੀ ਮੀਰ ਛਬੀਲ ਅਤੇ ਮੀਰ ਮੁਸ਼ਕੀ ਨੂੰ ਇਤਿਹਾਸ ਗਾ ਕੇ ਪ੍ਰਚਾਰਨ ਦੀ ਸੇਵਾ ਲਾਈ ਅਤੇ ਨਾਲ ਹੀ ਉਨ੍ਹਾਂ ਨੇ ਅਲੱਗ-ਅਲੱਗ ਜਾਤਾਂ ਅਤੇ ਭਾਸ਼ਾਵਾਂ ਦੇ 52 ਕਵੀਆਂ ਨੂੰ ਵੀ ਆਪਣੇ ਦਰਬਾਰ ਵਿਚ ਰੱਖਿਆ ਜਿਨ੍ਹਾਂ ਨੇ ਸੰਸਕ੍ਰਿਤ ਸਾਹਿਤ ਨੂੰ ਵੱਖ-ਵੱਖ ਭਾਸ਼ਾਵਾਂ ਵਿਚ ਉਲਥਾਉਣ ਦਾ ਕੰਮ ਬੜੀ ਸਰਗਰਮੀ ਨਾਲ ਜਾਰੀ ਕੀਤਾ, ਪਾਉਂਟਾ ਸਾਹਿਬ ਵਿਖੇ ਹੀ ਸਢੌਰਾ ਕਸਬਾ ਦੇ ਸੱਯਦ ਸ਼ਾਹ ਬਦਰੁੱਦੀਨ ਜੋ ਸਿੱਖ ਇਤਿਹਾਸ ਵਿਚ ਪੀਰ ਬੁੱਧੂ ਸ਼ਾਹ ਦੇ ਨਾਮ ਨਾਲ ਪ੍ਰਸਿੱਧ ਹਨ, ਦੇ ਨਾਲ ਆਪ ਜੀ ਦਾ ਮੇਲ ਹੋਇਆ ਅਤੇ ਉਸ ਦੇ ਬੇਨਤੀ ਕਰਨ 'ਤੇ ਆਪ ਜੀ ਨੇ ਔਰੰਗਜ਼ੇਬ ਦੁਆਰਾ ਆਪਣੀ ਫੌਜ ਵਿੱਚੋਂ ਕੱਢੇ ਦਾਮਲਾ ਨਗਰ ਜ਼ਿਲ੍ਹਾ ਕਰਨਾਲ ਦੇ 495 ਪਠਾਣ ਪਿਆਦੇ ਸਿਪਾਹੀ ਅਤੇ ਪੰਜ ਸਰਦਾਰ ਭੀਖਣ ਖਾਂ, ਕਾਲੇ ਖਾਂ, ਨਜਾਬਤ ਖਾਂ, ਹੱਯਾਤ ਖਾਂ, ਉਮਰ ਖਾਂ ਨੂੰ ਆਪਣੀ ਫੌਜ ਵਿਚ ਭਰਤੀ ਕੀਤਾ ਸੀ। ਗੁਰੂ-ਘਰ ਨਾਲ ਨਿਤਪ੍ਰਤੀ ਜੁੜ ਰਹੀ ਸੰਗਤ, ਰਣਜੀਤ ਨਗਾਰੇ ਦੀ ਸਥਾਪਨਾ ਅਤੇ ਗੁਰੂ ਸਾਹਿਬ ਦੀ ਵਧਦੀ ਤਾਕਤ ਦੇ ਭੈ ਨੇ ਔਰੰਗਜ਼ੇਬ ਅਤੇ ਪਹਾੜੀ ਰਾਜਿਆਂ ਦੀ ਈਰਖਾ ਵਿਚ ਹੋਰ ਵਾਧਾ ਕਰ ਦਿੱਤਾ ਸੀ, ਜਿਸ ਕਰਕੇ

ਪਾਉਂਟਾ ਸਾਹਿਬ ਤੋਂ 7-8 ਮੀਲ ਦੀ ਦੂਰੀ 'ਤੇ ਭੰਗਾਣੀ ਵਿਖੇ ਗੁਰੂ ਸਾਹਿਬ ਜੀ ਨੇ ਪਹਾੜੀ ਰਾਜਿਆਂ ਰਾਜਾ ਭੀਮ ਚੰਦ ਕਹਿਲੂਰੀਆ, ਰਾਜਾ ਹਰੀ ਚੰਦ ਜਸਵਾਲੀਆ, ਰਾਜਾ ਕ੍ਰਿਪਾਲ ਚੰਦ ਕਟੋਚੀਆ, ਰਾਜਾ ਕੇਸਰੀ ਚੰਦ ਹੰਡੂਰੀਆ,ਰਾਜਾ ਸੁਖਦਿਆਲ ਜਸਰੋਟੀਆ, ਰਾਜਾ ਪ੍ਰਿਥੀ ਚੰਦ ਢਡਵਾਲੀਆ, ਅਤੇ ਰਾਜਾ ਫਤਹ ਸ਼ਾਹ ਗੜਵਾਲੀਆ, ਨਾਲ 18 ਵੈਸਾਖ 1746 ਬਿਕ੍ਰਮੀ ਅਰਥਾਤ 15 ਅਪ੍ਰੈਲ ਸੰਨ 1689 ਈ: ਵਿਚ ਜੰਗ ਕੀਤੀ ਜੋ ਤਿੰਨ ਦਿਨ ਚੱਲੀ ਅਤੇ ਜਿਸ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਭੂਆ ਬੀਬੀ ਵੀਰੋ ਜੀ ਦੇ ਦੋ ਸਪੁੱਤਰ ਭਾਈ ਸੰਗੋ ਸ਼ਾਹ ਅਤੇ ਭਾਈ ਜੀਤ ਮੱਲ, ਪੀਰ ਬੁੱਧੂ ਸ਼ਾਹ ਦੇ ਦੋ ਸਪੁੱਤਰ ਅਤੇ ਇੱਕ ਭਰਾ ਅਤੇ ਹੋਰ ਅਨੇਕਾਂ ਸਿੱਖ ਸ਼ਹੀਦ ਹੋਏ।

ਗੁਰੂ ਸਾਹਿਬ ਜੀ ਦੀ ਤੇਗ ਅਤੇ ਤੀਰਾਂ ਦੇ ਜੌਹਰਾਂ ਨੇ ਅਨੇਕਾਂ ਵੈਰੀਆਂ ਦਾ ਖਾਤਮਾ ਕੀਤਾ, ਗੁਰੂ ਸਾਹਿਬ ਦੇ ਤੀਰਾਂ ਦੁਆਰਾ ਹੰਡੂਰ ਦੇ ਰਾਜਾ ਹਰੀ ਚੰਦ ਦੇ ਮਾਰੇ ਜਾਣ ਕਰਕੇ ਪਹਾੜੀ ਸੈਨਾ ਦੇ ਪੈਰ ਉਖੜ ਗਏ। ਇਸ ਪਹਿਲੇ ਯੁੱਧ ਵਿਚ ਜਿੱਤ ਪ੍ਰਾਪਤ ਕਰਕੇ ਗੁਰੂ ਸਾਹਿਬ ਜੀ ਪਾਉਂਟਾ ਸਾਹਿਬ ਤੋਂ ਅਨੰਦਪੁਰ ਸਾਹਿਬ ਵਾਪਸ ਆ ਗਏ।

ਪਹਾੜੀ ਰਾਜਿਆਂ ਦੀਆਂ ਚਾਲਾਂ ਨੂੰ ਗੁਰੂ ਸਾਹਿਬ ਜੀ ਭਲੀ ਭਾਂਤ ਜਾਣਦੇ ਸਨ ਇਸ ਲਈ ਪਹਾੜੀ ਰਾਜਿਆਂ ਦੇ ਟਾਕਰੇ ਲਈ ਅਤੇ ਉਨ੍ਹਾਂ ਦੀਆਂ ਚਾਲਾਂ ਨੂੰ ਰੋਕਣ ਹਿੱਤ ਅਤੇ ਅਨੰਦਪੁਰ ਸਾਹਿਬ ਨੂੰ ਮਜ਼ਬੂਤ ਕਰਨ ਲਈ ਆਪ ਜੀ ਨੇ ਸੰਨ 1689 ਈ: ਵਿਚ ਅਨੰਦਪੁਰ ਸਾਹਿਬ ਦੇ ਦੁਆਲੇ ਕਵਚ ਦੇ ਰੂਪ ਵਿਚ ਪੰਜ ਮਜਬੂਤ ਕਿਲ੍ਹੇ ਅਨੰਦਗੜ੍ਹ, ਲੋਹਗੜ੍ਹ, ਫਤਿਹਗੜ੍ਹ, ਨਿਰਮੋਹਗੜ੍ਹ ਤੇ ਹੋਲਗੜ੍ਹ ਉਸਾਰੇ, ਫਿਰ ਵੀ ਗੁਰੂ ਸਾਹਿਬ ਜੀ ਨੇ ਪਹਾੜੀ ਰਾਜਿਆਂ ਦੀਆਂ ਗ਼ਲਤੀਆਂ ਨੂੰ ਮੁਆਫ ਕਰਦੇ ਹੋਏ ਅਤੇ ਉਨ੍ਹਾਂ ਦੀ ਸਹਾਇਤਾ ਹਿੱਤ ਮੁਗਲ ਸੈਨਾ ਨਾਲ ਹੁਸ਼ਿਆਰਪੁਰ ਤੋਂ 35 ਮੀਲ ਦੀ ਦੂਰੀ 'ਤੇ ਬਿਆਸ ਦਰਿਆ ਦੇ ਕੰਢੇ ਨਦੌਣ ਦੇ ਪਾਸ ਮੁਤਾਬਕ ਸੰਨ 1690 ਦੇ ਅਖੀਰ ਵਿਚ ਯੁੱਧ ਕੀਤਾ ਅਤੇ ਮੁਗਲ ਅਲਫ ਖਾਂ ਨੂੰ ਹਰਾ ਕੇ ਜਿੱਤ ਪ੍ਰਾਪਤ ਕੀਤੀ। ਹੁਸੈਨੀ ਦਾ ਯੁੱਧ ਜੋ ਸੰਨ 1695 ਦੇ ਕਰੀਬ ਹੁਸੈਨ ਖਾਂ ਨਾਲ ਹੋਇਆ ਸੀ, ਵਿਚ ਵੀ ਮੁਗਲਾਂ ਨੂੰ ਹਾਰ ਦਾ ਮੂੰਹ ਦੇਖਣਾ ਪਿਆ ਜਿਸ ਵਿਚ ਹੁਸੈਨੀ ਅਤੇ ਕ੍ਰਿਪਾਲ ਚੰਦ ਕਟੋਚੀਆ ਵਰਗੇ ਪਹਾੜੀ ਰਾਜਿਆਂ ਨੂੰ ਗੁਰੂ-ਕਿਰਪਾ ਦੁਆਰਾ ਭਾਈ ਸੰਗਤ ਸਿੰਘ ਜਿਹੇ ਸੂਰਬੀਰਾਂ ਨੇ ਮੌਤ ਦੇ ਘਾਟ ਉਤਾਰ ਦਿੱਤਾ ਸੀ।

ਗੁਰੂ ਸਾਹਿਬ ਜੀ ਨੇ ਸਮਾਜ ਵਿੱਚੋਂ ਹਰ ਤਰ੍ਹਾਂ ਦੀ ਗਿਰਾਵਟ, ਹੀਣ ਭਾਵਨਾ, ਜਾਤ-ਪਾਤ, ਵਹਿਮਾਂ-ਭਰਮਾਂ ਨੂੰ ਖਤਮ ਕਰਨ ਦੀ ਕੋਸ਼ਿਸ਼ ਹਿੱਤ,ਸਿੱਖ ਧਰਮ ਨੂੰ ਪੂਰਨਤਾ ਤਕ ਲੈ ਜਾਣ ਲਈ ਵੱਖਰਾ ਸਰੂਪ ਦੇਣ ਲਈ ਅਕਾਲ ਪੁਰਖ ਦੇ ਹੁਕਮਾਂ ਨੂੰ ਪ੍ਰਵਾਨ ਕੀਤਾ,ਕਿ ਇਸ ਤਰਾਂ ਦਾ ਪੰਥ ਹੋਵੇ ਜਿਸ ਵਿਚ ਸੰਤਾਂ ਜਿਹੀ ਪਵਿੱਤਰਤਾ, ਸੂਰਮਿਆਂ ਜਿਹੀ ਬੀਰਤਾ, ਜੋ ਨਿਮਾਣਿਆਂ ਦਾ ਮਾਣ ਬਣੇ, ਸੱਚੇ-ਸੁੱਚੇ ਅਸੂਲਾਂ ਦਾ ਮਾਲਿਕ ਹੋਵੇ, ਜੋ ਲੱਖਾਂ ਵਿਚ ਪਹਿਚਾਣਿਆ ਜਾ ਸਕੇ। ਇਨ੍ਹਾਂ ਸਭ ਗੱਲਾਂ ਨੂੰ ਪ੍ਰਪੱਕ ਕਰਨ ਲਈ ਗੁਰੂ ਸਾਹਿਬ ਜੀ ਨੇ 1 ਵੈਸਾਖ 1756 ਬਿਕ੍ਰਮੀ ਨੂੰ ਕੇਸਗੜ੍ਹ (ਅਨੰਦਪੁਰ ਸਾਹਿਬ ਵਿਖੇ) ਵਿਸਾਖੀ ਵਾਲੇ ਦਿਨ ਸੰਗਤਾਂ ਦਾ ਇਕੱਠ ਕੀਤਾ, ਜਿਸ ਵਿਚ ਪੰਜ ਪਿਆਰਿਆਂ ਦੀ ਚੋਣ ਕਰਕੇ ਖਾਲਸਾ ਪੰਥ ਸਾਜਿਆ, 'ਖਾਲਸਾ' ਸ਼ਬਦ ਦਾ ਅਰਥ ਹੈ ਮਿਲਾਵਟ ਤੋਂ ਰਹਿਤ ਅਤੇ ਸੱਚਾ-ਸੁੱਚਾ ਸੂਰਬੀਰ। ਸੋ ਉਨ੍ਹਾਂ ਪੰਜਾਂ ਨੂੰ ਅੰਮ੍ਰਿਤ ਦੀ ਦਾਤ ਬਖਸ਼ਿਸ਼ ਕਰਕੇ ਉਨ੍ਹਾਂ ਨੂੰ 'ਸਿੰਘ' ਸ਼ਬਦ ਨਾਲ ਨਿਵਾਜਿਆ ਅਤੇ ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥ ਦਾ ਜੈਕਾਰਾ ਬਖਸ਼ਿਸ਼ ਕੀਤਾ, "ਕਿ ਖਾਲਸਾ ਕਿਸੇ ਦਾ ਗੁਲਾਮ ਨਹੀਂ ਸਗੋਂ ਬਾਦਸ਼ਾਹ ਹੈ, ਉਹ ਸੁਤੰਤਰ ਹੈ, ਅਜ਼ਾਦ ਹੈ।" ਖਾਲਸਾ ਹੋਵੈ ਖੁਦ ਖੁਦਾ 'ਆਪੇ ਗੁਰੁ ਚੇਲਾ' ਬਣ ਕੇ ਗੁਰੂ ਸਾਹਿਬ ਜੀ ਨੇ ਆਪ ਵੀ ਉਨ੍ਹਾਂ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕਿਆ ਅਤੇ ਗੁਰੂ ਗੋਬਿੰਦ ਰਾਏ ਤੋਂ ਗੁਰੂ ਗੋਬਿੰਦ ਸਿੰਘ ਕਹਾਏ, ਨਾਲ ਹੀ ਖਾਲਸੇ ਨੂੰ ਇਹ ਹਦਾਇਤਾਂ ਵੀ ਕੀਤੀਆਂ : ਚਾਰ ਬੱਜਰ ਕੁਰਹਿੱਤਾਂ :- (1) ਕੇਸਾਂ ਦੀ ਬੇਅਦਬੀ ਨਹੀਂ ਕਰਨੀ (ਕੇਸ ਕਤਲ ਨਹੀਂ ਕਰਨੇ) (2) ਪਰ ਤਨ-ਗਾਮੀ (ਪਰ-ਪੁਰਸ਼ ਜਾਂ ਪਰ-ਇਸਤਰੀ ਨਾਲ ਸੰਬੰਧ) ਨਹੀਂ। (3) ਕੁੱਠਾ (ਮੁਸਲਮਾਨੀ ਢੰਗ ਨਾਲ ਹਲਾਲ ਕੀਤਾ ਮਾਸ) ਨਹੀਂ ਖਾਣਾ। (4) ਜਗਤ-ਜੂਠ ਤਮਾਕੂ ਨੂੰ ਹੱਥ ਨਹੀਂ ਲਾਉਣਾ।

ਪੰਜ ਕਕਾਰਾਂ—ਕੇਸ, ਕੰਘਾ, ਕੜਾ, ਕ੍ਰਿਪਾਨ ਅਤੇ ਕਛਹਿਰੇ ਦੀ ਰਹਿਤ ਰੱਖਣੀ ਹੈ ਅਤੇ ਇਨ੍ਹਾਂ ਪੰਜਾਂ ਨੂੰ ਆਪਣੇ ਸਰੀਰ ਦਾ ਹਿੱਸਾ ਸਮਝਣਾ ਹੈ।

ਅਨੰਦਪੁਰ ਸਾਹਿਬ ਦੀ ਪਹਿਲੀ ਲੜਾਈ ਜੋ ਸੰਨ 1701 ਈ: ਦੇ ਸ਼ੁਰੂ ਵਿਚ ਦੋ ਜਰਨੈਲਾਂ ਪੈਂਦੇ ਖਾਂ, ਦੀਨਾ ਬੇਗ ਨੇ ਮਿਲ ਕੇ ਕੀਤੀ, ਇਸ ਵਿਚ ਪੈਂਦੇ ਖਾਂ ਮਾਰਿਆ ਗਿਆ ਅਤੇ ਮੁਗਲ ਫੌਜ ਦੀ ਹਾਰ ਹੋਈ। ਦੂਜੀ ਲੜਾਈ ਨਵੰਬਰ 1701 ਵਿਚ ਪਹਾੜੀ ਰਾਜਿਆਂ ਅਤੇ ਗੁੱਜਰਾਂ ਦੇ ਸਰਦਾਰ ਜਮਤੁੱਲੇ ਨਾਲ ਹੋਈ। ਇਸ ਜੰਗ ਵਿਚ ਵੀ ਪਹਾੜੀ ਰਾਜਿਆਂ ਨੂੰ ਮੂੰਹ-ਤੋੜਵੀਂ ਹਾਰ ਦਾ ਸਾਹਮਣਾ ਕਰਨਾ ਪਿਆ। ਇਸ ਤੋਂ ਪਿੱਛੋਂ ਨਿਰਮੋਹ (ਜੋ ਕੀਰਤਪੁਰ ਦੇ ਨਜਦੀਕ ਹੈ) ਦੀ ਜੰਗ ਵੀ ਸੰਨ 1701 ਦੇ ਅਖੀਰ ਵਿਚ ਹੋਈ ਜੋ ਪਹਾੜੀ ਰਾਜਿਆਂ ਕਹਿਲੂਰੀਆ, ਹੰਡੂਰੀਆ, ਸਰਹੰਦ ਦੇ ਨਵਾਬ ਵਜ਼ੀਰ ਖਾਂ ਦੀ ਆਪਸ ਵਿਚ ਮਿਲੀ-ਭੁਗਤ ਦੇ ਕਾਰਨ ਹੋਈ। ਜਿੱਥੇ ਗੁਰੂ ਸਾਹਿਬ ਜੀ ਨੇ ਅਨੇਕਾਂ ਧਰਮ ਜੰਗਾਂ ਲੜੀਆਂ,ਉਥੇ ਚਮਕੌਰ ਸਾਹਿਬ ਦੀ ਜੰਗ ਸਿੱਖ ਇਤਿਹਾਸ ਵਿਚ ਬਹੁਤ ਮਹੱਤਵਪੂਰਨ ਸਥਾਨ ਰੱਖਦੀ ਹੈ। ਸਿੱਖ ਇਤਿਹਾਸ ਵਾਚਣ ਉਪਰੰਤ ਇਹ ਤੱਥ ਸਾਹਮਣੇ ਆਉਂਦੇ ਹਨ ਕਿ ਜਦੋਂ ਗੁਰੂ ਸਾਹਿਬ ਜੀ ਨੇ ਅਨੰਦਪੁਰ ਸਾਹਿਬ ਨੂੰ ਛੱਡਿਆ ਤਾਂ ਉਸ ਸਮੇਂ ਸਰਸਾ ਦੇ ਕਿਨਾਰੇ ਮੁਗਲਾਂ ਨਾਲ ਬਹੁਤ ਭਿਆਨਕ ਜੰਗ ਹੋਈ ਜਿਸ ਵਿਚ ਬਹੁਤ ਸਾਰੇ ਸਿੰਘ ਸ਼ਹੀਦੀਆਂ ਪਾ ਗਏ। ਇੱਥੇ ਆਪ ਜੀ ਦਾ ਕਾਫਲਾ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨਾਲੋਂ ਵਿੱਛੜ ਗਿਆ, ਜਿੱਥੋਂ ਆਪ ਜੀ ਦਾ ਰਸੋਈਆ ਗੰਗੂ, ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਆਪਣੇ ਪਿੰਡ ਖੇੜੀ ਜੋ ਮੋਰਿੰਡੇ ਸਟੇਸ਼ਨ ਤੋਂ 2-3 ਮੀਲ 'ਤੇ ਹੈ, ਲੈ ਗਿਆ। ਮਾਤਾ ਸੁੰਦਰ ਕੌਰ ਜੀ ਅਤੇ ਮਾਤਾ ਸਾਹਿਬ ਕੌਰ ਜੀ ਭਾਈ ਮਨੀ ਸਿੰਘ ਜੀ ਨਾਲ ਦਿੱਲੀ ਵੱਲ ਚਲੇ ਗਏ।

ਗੁਰੂ ਸਾਹਿਬ ਜੀ ਥੋੜ੍ਹੇ ਜਿਹੇ ਸਿੰਘਾਂ ਅਤੇ ਦੋ ਵੱਡੇ ਸਾਹਿਬਜ਼ਾਦਿਆਂ ਸਮੇਤ ਕੋਟਲਾ ਨਿਹੰਗ ਖਾਂ ਹੁੰਦੇ ਹੋਏ ਅਗਲੇ ਦਿਨ ਚਮਕੌਰ ਸਾਹਿਬ ਪਹੁੰਚੇ। ਚਮਕੌਰ ਸਾਹਿਬ ਦੀ ਭਿਆਨਕ ਜੰਗ ਹੋਈ ਜਿਸ ਵਿਚ ਆਪ ਜੀ ਦੇ ਦੋਵਾਂ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਜੀ ਅਤੇ ਬਾਬਾ ਜੁਝਾਰ ਸਿੰਘ ਜੀ ਨੇ ਆਪਣੀ ਤਲਵਾਰ ਦੇ ਜੌਹਰ ਦਿਖਾਉਂਦਿਆਂ ਹੋਇਆਂ ਸ਼ਹਾਦਤ ਪ੍ਰਾਪਤ ਕੀਤੀ। ਚਮਕੌਰ ਦੀ ਗੜ੍ਹੀ ਵਿਚ ਜਿਸ ਅਸਥਾਨ 'ਤੇ ਸ਼ਹੀਦ ਹੋਏ

ਸਾਹਿਬਜ਼ਾਦਿਆਂ ਅਤੇ ਹੋਰ ਸ਼ਹੀਦ ਸਿੰਘਾਂ ਦਾ ਸਸਕਾਰ ਕੀਤਾ ਗਿਆ ਉਥੇ ਗੁਰਦੁਆਰਾ ਕਤਲਗੜ੍ਹ ਸਾਹਿਬ ਸੁਸ਼ੋਭਿਤ ਹੈ। ਸੂਰਜ ਅਸਤ ਹੋਣ ਨਾਲ ਜਦੋਂ ਜੰਗ ਬੰਦ ਹੋਈ ਤਾਂ ਗੜ੍ਹੀ ਵਿਚ ਸਿਰਫ ਗਿਣਤੀ ਦੇ ਸਿੰਘ ਰਹਿ ਗਏ ਸਨ। ਇੰਨੀ ਥੋੜ੍ਹੀ ਗਿਣਤੀ ਵਿਚ ਹੋਣ ਦੇ ਬਾਵਜੂਦ ਵੀ ਸਿੰਘਾਂ ਦੇ ਹੌਸਲੇ ਬੁਲੰਦ ਸਨ। ਗੜ੍ਹੀ ਵਿਚਲੇ ਸਿੰਘਾਂ ਵਿੱਚੋਂ ਪੰਜਾਂ ਸਿੰਘਾਂ ਨੇ ਪੰਥ ਦੇ ਵਾਲੀ ਦਸ਼ਮੇਸ਼ ਗੁਰੂ ਜੀ ਨੂੰ ਚਮਕੌਰ ਦੀ ਗੜ੍ਹੀ ਛੱਡ ਜਾਣ ਦਾ ਹੁਕਮ ਦਿੱਤਾ, ਸੋ ਪੰਥ ਦਾ ਹੁਕਮ ਪ੍ਰਵਾਨ ਕਰਦੇ ਹੋਏ ਆਪ ਜੀ ਨੇ ਇੱਕ ਵੱਖਰਾ ਹੀ ਇਤਿਹਾਸ ਰਚ ਦਿੱਤਾ। ਗੁਰੂ ਸਾਹਿਬ ਨੇ ਆਪਣੀ ਜ਼ਿਗਾ ਅਤੇ ਕਲਗੀ ਆਪਣੇ ਬਚਪਨ ਦੇ ਹਮਸ਼ਕਲ ਅਤੇ ਹਮਉਮਰ ਬਾਬਾ ਸੰਗਤ ਸਿੰਘ ਦੇ ਸੀਸ 'ਤੇ ਸਜਾ ਕੇ ਅਤੇ ਬਾਬਾ ਸੰਗਤ ਸਿੰਘ ਨੂੰ ਵੈਰੀਆਂ ਨਾਲ ਡਟ ਕੇ ਮੁਕਾਬਲਾ ਕਰਨ ਅਤੇ ਜਿਉਂਦੇ-ਜੀਅ ਵੈਰੀ ਦੇ ਹੱਥ ਨਾ ਆ ਕੇ ਜੰਗ ਵਿਚ ਜੂਝਦਿਆਂ ਹੋਇਆਂ ਸ਼ਹਾਦਤ ਦਾ ਜਾਮ ਪੀਣ ਦੀ ਤਾਕੀਦ ਕੀਤੀ ਅਤੇ ਜੈਕਾਰਿਆਂ ਦੀ ਗੂੰਜ ਨਾਲ ਚਮਕੌਰ ਦੀ ਗੜ੍ਹੀ ਨੂੰ ਛੱਡ ਦਿੱਤਾ ਅਤੇ ਤਿੰਨ ਸਿੰਘਾਂ ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਅਤੇ ਭਾਈ ਮਾਨ ਸਿੰਘ ਸਮੇਤ ਚਮਕੌਰ ਦੀ ਗੜ੍ਹੀ ਨੂੰ ਛੱਡ ਕੇ ਮਾਛੀਵਾੜੇ ਦੀ ਧਰਤੀ ਦੇ ਭਾਗ ਜਗਾਉਣ ਆ ਗਏ।

ਮਾਛੀਵਾੜੇ ਦੇ ਜੰਗਲਾਂ ਵਿਚ ਆਪ ਜੀ ਨੂੰ ਦੋ ਮਸੰਦ ਭਰਾ ਭਾਈ ਗੁਲਾਬਾ ਅਤੇ ਭਾਈ ਪੰਜਾਬਾ ਮਿਲੇ। ਇਹ ਗੁਰੂ ਸਾਹਿਬ ਜੀ ਨੂੰ ਆਪਣੇ ਘਰ ਲੈ ਗਏ। ਇੱਥੇ ਹੀ ਘੋੜਿਆਂ ਦੇ ਸੌਦਾਗਰ ਨਬੀ ਖਾਂ ਅਤੇ ਗਨੀ ਖਾਂ ਆਪ ਜੀ ਨੂੰ ਮਿਲੇ। ਇੱਥੇ ਹੀ ਕੁਝ ਸਮਾਂ ਪਹਿਲਾਂ ਗੁਰੂ ਸਾਹਿਬ ਦੁਆਰਾ ਮਾਤਾ ਗੁਰਦੇਈ ਜੀ ਨੂੰ ਅਮਾਨਤ ਦੇ ਤੌਰ 'ਤੇ ਦਿੱਤੇ ਹੋਏ ਖੱਦਰ ਨੂੰ ਨਬੀ ਖਾਂ ਅਤੇ ਗਨੀ ਖਾਂ ਦੁਆਰਾ ਨੀਲੇ ਰੰਗ ਦਾ ਰੰਗਾ ਕੇ ਰਾਤੋ-ਰਾਤ ਗੁਰੂ ਸਾਹਿਬ ਜੀ ਲਈ ਚੋਲਾ ਤਿਆਰ ਕਰਵਾਇਆ ਗਿਆ, ਜਿਸ ਨੂੰ ਪਹਿਨ ਕੇ ਦਿਨ ਚੜ੍ਹਦੇ ਹੀ ਉਹ ਆਪ ਜੀ ਨੂੰ ਉਚ ਦੇ ਪੀਰ ਦੇ ਭੇਸ ਵਿਚ ਵੱਖ-ਵੱਖ ਪਿੰਡਾਂ ਤੋਂ ਹੁੰਦੇ ਹੋਏ ਆਲਮਗੀਰ ਵਿਖੇ ਲੈ ਆਏ, ਅਤੇ ਫਿਰ ਰਾਏ ਕੋਟ ਵਿਖੇ ਡੇਰਾ ਸੀਲੋਆਣੀ ਦੀ ਜੂਹ ਵਿਚ ਗੁਰੂ ਸਾਹਿਬ ਜੀ ਆਪਣੇ ਮੁਰੀਦ ਚੌਧਰੀ ਰਾਏ ਕੱਲ੍ਹੇ ਨੂੰ ਮਿਲੇ। ਆਪ ਨੇ ਚੌਧਰੀ ਰਾਏ ਕੱਲ੍ਹੇ ਦੇ ਨੌਕਰ, ਨੂਰੇ ਮਾਹੀ ਨੂੰ ਛੋਟੇ ਸਾਹਿਬਜ਼ਾਦਿਆਂ ਦੀ ਖਬਰ ਲੈਣ ਲਈ ਸਰਹੰਦ ਭੇਜਿਆ। ਨੂਰੇ ਮਾਹੀ ਨੇ ਛੋਟੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਨ ਦੀ ਖਬਰ ਗੁਰੂ ਸਾਹਿਬ ਨੂੰ ਰੋ-ਰੋ ਕੇ ਦੱਸੀ ਕਿ ਵਜ਼ੀਰ ਖਾਂ ਦੇ ਹੁਕਮ ਅਨੁਸਾਰ ਛੋਟੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣ ਕੇ ਸ਼ਹੀਦ ਕਰ ਦਿੱਤਾ ਗਿਆ ਹੈ ਅਤੇ ਦਾਦੀ ਮਾਂ ਵੀ ਮਾਸੂਮ ਪੋਤਰਿਆਂ ਦੀ ਸ਼ਹਾਦਤ ਨੂੰ ਪ੍ਰਵਾਨ ਚੜ੍ਹੀ ਜਾਣ ਕੇ ਅਕਾਲ ਪੁਰਖ ਦੇ ਭਾਣੇ ਵਿਚ ਸ਼ੁਕਰਾਨਾ ਕਰਦਿਆਂ ਸਰੀਰ ਛੱਡ ਗਏ ਤਾਂ ਇਹ ਸਾਰਾ ਹਾਲ ਸੁਣ ਕੇ ਉਸ ਵੇਲੇ ਗੁਰੂ ਸਾਹਿਬ ਜੀ ਨੇ ਕਿਹਾ ਕਿ ਜ਼ਾਲਮ ਮੁਗਲ ਰਾਜ ਦੀ ਜੜ੍ਹ ਪੁੱਟੀ ਗਈ ਹੈ।

ਜਦੋਂ ਪੂਜ ਮਾਤਾਵਾਂ ਨੇ ਸਾਬੋ ਦੀ ਤਲਵੰਡੀ ਸ੍ਰੀ ਦਮਦਮਾ ਸਾਹਿਬ ਵਿਖੇ ਆਪ ਜੀ ਨੂੰ ਪੁੱਛਿਆ ਕਿ ਸਾਡੇ ਲਾਲ ਕਿੱਥੇ ਹਨ ਤਾਂ ਆਪ ਨੇ ਖਾਲਸਾ ਪੰਥ ਵੱਲ ਇਸ਼ਾਰਾ ਕਰਦਿਆਂ ਮੁਸਕਰਾਉਂਦਿਆਂ ਹੋਇਆ ਕਿਹਾ ਸੀ:

**ਇਨ ਪੁਤਰਨ ਕੇ ਸੀਸ ਪਰ, ਵਾਰ ਦੀਏ ਸੁਤ ਚਾਰ।**

**ਚਾਰ ਮੂਏ ਤੋ ਕਿਆ ਹੂਆ, ਜੀਵਤ ਕਈ ਹਜ਼ਾਰ!**

ਮੁਗਲ ਬਾਦਸ਼ਾਹ ਔਰੰਗਜ਼ੇਬ ਦੀ ਮੌਤ ਹੋ ਗਈ। ਹੁਣ ਗੁਰੂ ਸਾਹਿਬ ਜੀ ਨੇ ਆਪਣਾ ਰੁਖ਼ (ਦੱਖਣ ਵੱਲ) ਨੰਦੇੜ ਵੱਲ ਕੀਤਾ। ਆਪ ਜੀ ਮਾਧੋਦਾਸ ਨੂੰ ਮਿਲੇ। ਆਪ ਨੇ ਮਾਧੋ ਦਾਸ ਵੈਰਾਗੀ ਨੂੰ ਰਿਧੀਆਂ-ਸਿੱਧੀਆਂ ਦੇ ਮਾਰਗ ਦਾ ਤਿਆਗ ਕਰਵਾ ਕੇ ਉਸ ਨੂੰ ਗੁਰਮਤਿ ਦੇ ਸੱਚੇ-ਸੁੱਚੇ ਮਾਰਗ ਦਾ ਪਾਂਧੀ ਬਣਾਇਆ, ਉਸ ਨੂੰ ਅੰਮ੍ਰਿਤ ਦੀ ਦਾਤ ਬਖਸ਼ਿਸ਼ ਕਰਨ ਉਪਰੰਤ ਬਾਬਾ ਬੰਦਾ ਸਿੰਘ ਦੇ ਨਾਮ ਨਾਲ ਨਿਵਾਜਿਆ ਅਤੇ ਮੁਗਲਾਂ ਨਾਲ ਟੱਕਰ ਲੈਣ ਲਈ ਖਾਲਸੇ ਦਾ ਜਥੇਦਾਰ ਥਾਪ ਕੇ ਉਸ ਨੂੰ ਬਖਸ਼ਿਸ ਵਜੋਂ ਪੰਜ ਤੀਰ, ਇੱਕ ਨਿਸ਼ਾਨ ਸਾਹਿਬ, ਇੱਕ ਨਗਾਰਾ, ਪੰਜ ਪਿਆਰੇ ਭਾਈ ਕਾਹਨ ਸਿੰਘ, ਭਾਈ ਰਣ ਸਿੰਘ, ਭਾਈ ਬਿਨੋਦ ਸਿੰਘ, ਭਾਈ ਬਾਜ ਸਿੰਘ, ਭਾਈ ਦਇਆ ਸਿੰਘ ਅਤੇ ਹੋਰ 25 ਸਿੰਘਾਂ ਦੀ ਫੌਜ ਦੇ ਕੇ ਮੁਗਲ ਹਕੂਮਤ ਨਾਲ ਟੱਕਰ ਲੈਣ ਲਈ ਪੰਜਾਬ ਵੱਲ ਰਵਾਨਾ ਕੀਤਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਦੇ ਅਨੰਦਮਈ ਦਿਨ ਵੀ ਦੇਖੇ। ਪਾਉਂਟਾ ਸਾਹਿਬ ਦੀ ਧਰਤੀ 'ਤੇ ਕੁਦਰਤੀ ਨਜ਼ਾਰੇ ਵੀ ਮਾਣੇ ਪਰ ਨਾਲ ਹੀ ਭੁੱਖਾਂ ਤੇ ਉਨੀਂਦਰੇ ਵੀ ਕੱਟੇ, ਨੰਗੇ ਪੈਰੀਂ ਮਾਛੀਵਾੜੇ ਦੇ ਜੰਗਲਾਂ ਵਿੱਚ ਸਫਰ ਵੀ ਕੀਤੇ, ਲੜਾਈਆਂ ਵੀ ਲੜੀਆਂ। ਇਸ ਸਭ ਕੁਝ ਦੇ ਬਾਵਜੂਦ ਵੀ ਆਪ ਨੇ ਕੇਵਲ ਅਕਾਲ ਪੁਰਖ ਦਾ ਸ਼ੁਕਰਾਨਾ ਹੀ ਕੀਤਾ। ਉੱਘੇ ਇਤਿਹਾਸਕਾਰ ਡਾ. ਗੋਕਲ ਚੰਦ ਨਾਰੰਗ ਅਨੁਸਾਰ, "ਜੇਕਰ ਗੁਰੂ ਗੋਬਿੰਦ ਸਿੰਘ ਜੀ ਔਰੰਗਜ਼ੇਬ ਜਿਹੇ ਜ਼ਾਲਮ ਸਮਰਾਟ ਦੇ ਟਾਕਰੇ ਵਿੱਚ ਉਸ ਸਮੇਂ ਨਾ ਆਉਂਦੇ ਤਾਂ ਹਿੰਦੂ ਧਰਮ ਦਾ ਦੀਵਾ ਸਦਾ ਲਈ ਗੁੱਲ ਹੋ ਜਾਂਦਾ।"

7 ਅਕਤੂਬਰ 1708 ਨੂੰ ਗੁਰੂ ਜੀ ਨੇ ਆਪਣੇ ਪੁੱਤਰ ਖਾਲਸੇ ਦੇ ਸਦਾ ਸੰਗ ਰਹਿਣ ਦਾ ਵਾਅਦਾ ਕਰਕੇ ਖਾਲਸੇ ਨੂੰ ਆਪਣੇ ਪਿਆਰ ਦਾ ਥਾਪੜਾ ਦੇ ਕੇ ਅਤੇ ਸ਼ਬਦ-ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨੀਂ ਸੀਸ ਝੁਕਾ ਦਿੱਤਾ। ਸ੍ਰੀ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਬਖਸ਼ਿਸ਼ ਕਰਕੇ 7 ਅਕਤੂਬਰ 1708 ਨੂੰ ਕਲਗੀਆਂ ਵਾਲੇ ਸਰਬੰਸ ਦਾਨੀ ਪਾਤਸ਼ਾਹ, ਪ੍ਰੀਤਮ ਕੇ ਦੇਸ਼ ਸੱਚਖੰਡ ਪਿਆਨਾ ਕਰ ਗਏ।

ਆਓ! ਦਸਮੇਸ਼ ਪਿਤਾ ਜੀ ਦਾ ਪਾਵਨ ਪ੍ਰਕਾਸ਼ ਮਨਾਉਂਦੇ ਹੋਏ ਆਪ ਜੀ ਦੀ ਦ੍ਰਿੜ੍ਹਾਈ ਸਿੱਖਿਆ, 'ਸਭ ਸਿਖਨ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ' ਅਤੇ 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ' ਦੇ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗੀਏ ਅਤੇ ਲੋਕਾਈ ਲਈ ਚੰਗੇ ਕੰਮ ਕਰੀਏ।

# ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ!

# ਖਿਦਰਾਣੇ ਦੀ ਢਾਬ ਤੋਂ ਮੁਕਤਸਰ

ਮੁਕਤਸਰ ਜਿਸ ਦਾ ਪਹਿਲਾਂ ਨਾਂ ਖਿਦਰਾਣੇ ਦੀ ਢਾਬ ਜਾਂ ਤਾਲ ਖਿਦਰਾਣਾ ਸੀ, ਇਕ ਪ੍ਰਸਿੱਧ ਨਗਰ ਹੈ। ਇਲਾਕਾ ਰੇਤਲਾ ਸੀ ਤੇ ਹੋਰ ਕਿਧਰੇ ਨੇੜੇ-ਤੇੜੇ ਪਾਣੀ ਦੇ ਭੰਡਾਰ ਨਹੀਂ ਸਨ। ਇਸ ਅਸਥਾਨ ਨੂੰ ਦਸ਼ਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਾਵਨ ਚਰਨ-ਛੋਹ ਪ੍ਰਾਪਤ ਹੋਣ ਤੇ ਦਸਮੇਸ਼ ਪਿਆਰੇ ਗੁਰਸਿੱਖਾਂ ਦੇ ਪਵਿੱਤਰ ਖੂਨ ਨਾਲ ਇਹ ਧਰਤੀ ਹਮੇਸ਼ਾਂ-ਹਮੇਸ਼ਾਂ ਪਾਵਨ ਹੋ ਮੁਕਤਸਰ ਅਖਵਾਈ। ਹੁਣ ਲੋਕ ਇਸ ਪਾਵਨ ਧਰਤੀ, ਪਾਵਨ ਸਰੋਵਰ ਦੇ ਦਰਸ਼ਨ ਇਸ਼ਨਾਨ ਕਰ ਜੀਵਨ ਸਫ਼ਲ ਕਰਦੇ ਹਨ। 1701 ਈ. ਤੱਕ ਪਹਾੜੀ ਰਾਜਿਆਂ ਨੂੰ ਬਹੁਤ ਸਾਰੇ ਯੁੱਧਾਂ ਵਿਚ ਹਾਰ ਦਾ ਮੂੰਹ ਦੇਖਣਾ ਪਿਆ ਸੀ। ਇਸ ਲਈ ਉਨ੍ਹਾਂ ਗੁਰੂ ਸਾਹਿਬ ਨਾਲ ਦੋ ਹੱਥ ਕਰਨ ਲਈ ਔਰੰਗਜ਼ੇਬ ਤੋਂ ਫੌਜੀ ਮਦਦ ਦੀ ਮੰਗ ਕੀਤੀ। ਔਰੰਗਜ਼ੇਬ ਨੇ ਪਹਾੜੀ ਰਾਜਿਆਂ ਦੀ ਮਦਦ ਲਈ ਸਰਹਿੰਦ-ਲਾਹੌਰ ਦੇ ਸੂਬੇਦਾਰਾਂ ਨੂੰ ਹੁਕਮ ਜਾਰੀ ਕੀਤੇ। ਇਸ ਤਰ੍ਹਾਂ ਸਰਹਿੰਦ, ਲਾਹੌਰ ਤੇ ਪਹਾੜੀ ਰਾਜਿਆਂ ਦੀਆਂ ਫੌਜਾਂ ਨੇ ਅਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ।

ਦੁਸ਼ਮਣ ਫੌਜ ਨੂੰ ਆਪਣੀ ਬਹੁ-ਗਿਣਤੀ 'ਤੇ ਮਾਣ ਸੀ। ਵਜ਼ੀਰ ਖਾਂ ਦੇ ਹੁਕਮ ਨਾਲ ਘੇਰਾਬੰਦੀ ਹੋਰ ਸਖ਼ਤ ਕਰ ਦਿੱਤੀ ਗਈ। ਘੇਰਾ ਲੰਮੇਰਾ, ਸਖ਼ਤ ਹੋਣ ਕਰਕੇ ਤੇ ਨਿੱਤ ਦੀ ਲੜਾਈ ਨਾਲ ਖਾਲਸਾ ਫ਼ੌਜਾਂ ਦੀ ਗਿਣਤੀ ਦਿਨ-ਬ-ਦਿਨ ਘਟਦੀ ਜਾ ਰਹੀ ਸੀ। ਅਨਾਜ-ਪਾਣੀ ਦੇ ਭੰਡਾਰੇ ਖਤਮ ਹੋਣ ਨੂੰ ਆ ਗਏ। ਦੁਸ਼ਮਣ ਦੇ ਵਾਰ-ਵਾਰ ਢੰਡੋਰਾ ਦੇਣ 'ਤੇ ਵੀ ਜੇਕਰ ਕੋਈ ਖਾਲੀ ਹੱਥ ਜਾਣਾ ਚਾਹੇ ਤਾਂ ਉਸ ਨੂੰ ਜਾਣ ਦਿੱਤਾ ਜਾਵੇਗਾ। ਕੋਈ ਵੀ ਸਿੰਘ ਸਿਦਕ ਤੋਂ ਨਹੀਂ ਡੋਲਿਆ।


**ਮਹਿੰਦਰ ਸਿੰਘ**
**ਡੀ.ਐਸ.ਪੀ. (ਸੇਵਾ ਮੁਕਤ)**
**ਐਡਵਾਇਜ਼ਰ ਲੁਬਾਣਾ ਸੇਵਕ**
**98144-74535**




ਗੁਰੂ ਸਾਹਿਬ ਨੂੰ ਕੁਝ ਸਿੰਘਾਂ ਸਲਾਹ ਦਿੱਤੀ ਕਿ ਸਾਨੂੰ ਕਿਲ੍ਹਾ ਖਾਲੀ ਕਰ ਦੇਣਾ ਚਾਹੀਦਾ ਹੈ। ਪੇਟ ਦੀ ਭੁੱਖ ਸਹਿਣੀ ਕੋਈ ਸੁਖਾਲੀ ਨਹੀਂ। ਇਹ ਇਨਸਾਨ ਨੂੰ ਕੁਝ ਵੀ ਕਰਨ ਵਾਸਤੇ ਮਜਬੂਰ ਕਰ ਸਕਦੀ ਹੈ। ਇਨ੍ਹਾਂ ਸਿੰਘਾਂ ਉਤੇ ਵੀ ਭਾਰੂ ਹੋਈ, ਭੁੱਖ ਦੇ ਦੁੱਖ ਤੋਂ ਤੰਗ ਆ ਕੇ 40 ਸਿੰਘਾਂ ਨੇ ਅਨੰਦਪੁਰ ਨੂੰ ਛੱਡ ਜਾਣ ਦਾ ਇਰਾਦਾ ਕਰ ਲਿਆ। ਗੁਰੂ ਜੀ ਦੇ ਪੇਸ਼ ਹੋ ਇਨ੍ਹਾਂ ਸਿੰਘਾਂ ਬੇਨਤੀ ਕੀਤੀ-'ਗੁਰਦੇਵ! ਅਸੀਂ ਜਾਣਾ ਚਾਹੁੰਦੇ ਹਾਂ।'

ਦਸਮੇਸ਼ ਪਿਤਾ ਨੇ ਇਨ੍ਹਾਂ ਸਿੰਘਾਂ ਨੂੰ ਪਿਆਰ ਭਰੀਆਂ ਨਜ਼ਰਾਂ ਨਾਲ ਤੱਕਿਆ ਤੇ ਬਚਨ ਕੀਤਾ, ਜੇਕਰ ਤੁਸੀਂ ਜਾਣਾ ਚਾਹੁੰਦੇ ਹੋ ਤਾਂ ਚਲੇ ਜਾਓ ਪਰ ਜਾਣ ਦੀ ਨਿਸ਼ਾਨੀ-ਅਸੀਂ ਛੱਡ ਕੇ ਜਾ ਰਹੇ ਹਾਂ-ਦੇ ਜਾਓ। ਸਿੰਘਾਂ ਲਿਖ ਕੇ ਦਿੱਤਾ, ਜਿਸ ਨੂੰ ਇਤਿਹਾਸ ਵਿਚ 'ਬੇਦਾਵਾ' ਕਿਹਾ ਗਿਆ ਹੈ। ਜਿਸ ਵਿਚ ਲਿਖਿਆ ਸੀ ਕਿ ਤੁਸੀਂ ਸਾਡੇ ਗੁਰੂ ਨਹੀਂ ਤੇ ਅਸੀਂ ਤੁਹਾਡੇ ਸਿੱਖ ਨਹੀਂ। ਲੰਮੇਰੀ ਜੰਗ ਤੋਂ ਅੰਤ ਨੂੰ ਤੰਗ ਆ ਕੇ ਪਹਾੜੀ ਰਾਜਿਆਂ ਤੇ ਸਰਹਿੰਦ, ਲਾਹੌਰ ਦੇ ਸੂਬੇਦਾਰਾਂ ਨੇ ਆਪਣੇ ਦਸਤਖਤਾਂ ਹੇਠ ਬਾਦਸ਼ਾਹ ਵੱਲੋਂ ਪਰਵਾਨਾ ਭੇਜਿਆ ਕਿ ਜੇਕਰ ਗੁਰੂ ਜੀ ਅਨੰਦਪੁਰ ਸਾਹਿਬ ਨੂੰ ਖਾਲੀ ਕਰ ਜਾਣ ਤੇ ਉਨ੍ਹਾਂ ਨੂੰ ਬਿਨਾਂ ਰੋਕ-ਟੋਕ ਦੇ ਜਾਣ ਦਿੱਤਾ ਜਾਵੇਗਾ, ਇਸ ਲਈ ਉਨ੍ਹਾਂ ਕਸਮਾਂ ਵੀ ਖਾਧੀਆਂ।

ਗੁਰਦੇਵ ਪਿਤਾ ਪਹਾੜੀ ਰਾਜਿਆਂ ਦੇ ਚਰਿਤਰ ਤੋਂ ਚੰਗੀ ਤਰ੍ਹਾਂ ਜਾਣੂ ਸਨ, ਪਰ ਸਿੰਘਾਂ ਇਕੱਤਰ ਹੋ ਸਲਾਹ ਦਿੱਤੀ ਕਿ ਸਾਨੂੰ ਕਿਲ੍ਹਾ ਖਾਲੀ ਕਰ ਦੇਣਾ ਚਾਹੀਦਾ ਹੈ। ਸਥਿਤੀ ਉੱਪਰ ਵਿਚਾਰ ਮਗਰੋਂ ਅਨੰਦਪੁਰ ਸਾਹਿਬ ਨੂੰ ਛੱਡ ਜਾਣ ਦਾ ਫੈਸਲਾ ਹੋ ਗਿਆ।

ਅਨੰਦਪੁਰ ਸਾਹਿਬ ਦਾ ਕਿਲ੍ਹਾ ਅਨੰਦਗੜ੍ਹ ਖਾਲੀ ਕਰਨ ਦੀ ਦੇਰ ਹੀ ਸੀ ਕਿ ਦੁਸ਼ਮਣ ਫੌਜਾਂ ਨੇ ਸਭ ਕਸਮਾਂ ਭੁਲਾ ਕੇ ਪਿੱਛੋਂ ਹਮਲਾ ਕਰ ਦਿੱਤਾ। ਗੁਰੂ ਜੀ ਚਮਕੌਰ ਦੀ ਗੜ੍ਹੀ ਪਹੁੰਚੇ। ਚਮਕੌਰ ਦੀ ਗੜ੍ਹੀ ਵਿਚੋਂ ਮੁਗ਼ਲਾਂ ਦੇ ਕੈਂਪ ਵਿਚ ਖਲਬਲੀ ਮਚਾ, ਮਈ ਦੇ ਮਹੀਨੇ ਭਖਦੇ ਮਾਰੂਥਲਾਂ ਦੇ ਰਸਤੇ ਖਿਦਰਾਣੇ ਦੀ ਢਾਬ 'ਤੇ ਪਹੁੰਚੇ। ਵੈਰੀ ਦਾ ਦਲ ਵੀ ਗੁਰੂ ਜੀ ਦੇ ਪਿੱਛੇ-ਪਿੱਛੇ ਆ ਰਿਹਾ ਸੀ।

ਖਿਦਰਾਣੇ ਦੀ ਢਾਬ ਖਾਲਸਾ ਫੌਜਾਂ ਦੇ ਘੇਰੇ ਵਿਚ ਸੀ। ਗੁਰੂ ਜੀ ਆਪ ਟਿੱਬੀ ਸਾਹਿਬ ਦੇ ਸਥਾਨ 'ਤੇ ਜਾ ਬਿਰਾਜੇ, ਦੁਸ਼ਮਣਾਂ ਫੌਜਾਂ ਨੇ ਹਮਲਾ ਕਰ ਦਿੱਤਾ। ਥੋੜ੍ਹਾ ਚਿਰ ਘਮਸਾਨ ਦਾ ਯੁੱਧ ਹੋਇਆ। ਯੁੱਧ ਵਿਚ ਸਭ ਤੋਂ ਅੱਗੇ ਉਹੀ ਸਿੰਘ ਮਾਤਾ ਭਾਗੋ ਜੀ ਦੀ ਅਗਵਾਈ ਵਿਚ ਲੜ ਰਹੇ ਸਨ, ਜੋ ਗੁਰਦੇਵ ਜੀ ਤੋਂ ਬੇਮੁਖ ਹੋ ਅਨੰਦਪੁਰ ਸਾਹਿਬ ਛੱਡ ਆਏ ਸਨ। ਸਮੇਂ-ਸਮੇਂ ਗੁਰਦੇਵ ਜੀ ਨੇ ਦੁਸ਼ਮਣ ਦਲਾਂ 'ਤੇ ਤੀਰਾਂ ਦੀ ਐਸੀ ਵਰਖਾ ਕੀਤੀ ਕਿ ਉਨ੍ਹਾਂ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਦੁਸ਼ਮਣ ਫੌਜਾਂ ਹਾਰ ਗਈਆਂ ਅਤੇ ਅਕਾਲ ਪੁਰਖ ਨੇ ਖ਼ਾਲਸੇ ਨੂੰ ਫਤਹਿ ਬਖਸ਼ੀ। ਦੁਸ਼ਮਣ ਫੌਜਾਂ ਹਰਨ ਹੋ ਗਈਆਂ। ਦਸਮੇਸ਼ ਪਿਤਾ ਆਪ ਮੈਦਾਨੇ-ਜੰਗ ਵਿਚ ਆਏ ਜਿਥੇ ਬੇਦਾਵੀਏ ਸਿੰਘਾਂ ਨੇ ਭੁੱਲ ਬਖਸ਼ਾਉਣ ਲਈ ਜੀਵਨ ਨਿਛਾਵਰ ਕਰ ਦਿੱਤੇ ਸਨ। ਯੁੱਧ ਦੇ ਮੈਦਾਨ ਵਿਚ ਗੁਰਦੇਵ ਭਾਈ ਮਹਾਂ ਸਿੰਘ ਦੇ ਪਾਸ ਪਹੁੰਚੇ ਤੇ ਆਪਣੇ ਮੁਖਾਰਬਿੰਦ ਤੋਂ ਬੋਲੇ ਮੰਗ ਭਾਈ ਮਹਾਂ ਸਿੰਘ! ਜੋ ਚਾਹੁੰਦਾ ਹੈਂ?'

'ਗੁਰਦੇਵ ਪਿਤਾ! ਜੇ ਤੁੱਠੇ ਹੋ ਕਿਰਪਾ ਨਿਧਾਨ! ਤਾਂ ਸਾਡੀ ਟੁੱਟੀ ਮੇਲ ਲਵੋ....ਕਾਗਜ਼ ਦਾ ਉਹ ਟੁਕੜਾ ਪਾੜ ਦਿਓ। ਜੋ ਅਸੀਂ ਵੱਡੀ ਭੁੱਲ ਕਰਕੇ ਦੇ ਆਏ ਸਾਂ.....!' ਭਾਈ ਮਹਾਂ ਸਿੰਘ ਦੀ ਖਾਹਸ਼ ਪੂਰੀ ਕਰਨ ਲਈ ਗੁਰਦੇਵ ਪਿਤਾ ਨੇ ਕਾਗਜ਼ ਟੁਕੜੇ-ਟੁਕੜੇ ਕਰ ਦਿੱਤਾ।

ਗੁਰੂ ਦੀਆਂ ਨਜ਼ਰਾਂ 'ਚ ਸੁਰਖਰੂ ਹੋ ਕੇ ਸਿੱਖ ਹਮੇਸ਼ਾ ਲਈ ਦਸਮੇਸ਼ ਪਿਤਾ ਦੀ ਗੋਦ ਵਿਚ ਸੌਂ ਗਿਆ। ਗੁਰੂ ਜੀ ਨੇ ਇਨ੍ਹਾਂ ਸ਼ਹੀਦਾਂ ਦਾ ਆਪਣੇ ਹੱਥੀਂ ਸਸਕਾਰ ਕੀਤਾ ਤੇ ਇਨ੍ਹਾਂ ਨੂੰ ਮੁਕਤਿਆਂ ਦੀ ਉਪਾਧੀ ਬਖਸ਼ਿਸ਼ ਕੀਤੀ। ਇਵੇਂ ਬੇਦਾਵੀਏ ਸਿੰਘ ਮੁਕਤ ਹੋਏ। ਖਿਦਰਾਣੇ ਦੀ ਢਾਬ ਉਸ ਦਿਨ ਤੋਂ ਮੁਕਤਸਰ ਅਖਵਾਈ।

# ਸ਼ਹੀਦ ਬਾਬਾ ਦੀਪ ਸਿੰਘ ਜੀ

ਡਾ. ਕੁਲਦੀਪ ਸਿੰਘ ਹਉਰਾ



ਸਿੱਖ ਕੌਮ ਦਾ ਅਮੀਰ ਵਿਰਸਾ ਸ਼ਹਾਦਤ ਹੈ। ਜਿਤਨੀਆਂ ਸ਼ਹਾਦਤਾਂ ਇਸ ਕੌਮ ਦੇ ਵਡਿੱਕਿਆਂ ਨੇ ਦੇ ਕੇ ਸਿੱਖੀ ਦੀ ਨੀਂਹ ਪੱਕੀ ਕੀਤੀ, ਸ਼ਾਇਦ ਹੀ ਕਿਸੇ ਹੋਰ ਕੌਮ ਨੇ ਇਤਨੀਆਂ ਸ਼ਹਾਦਤਾਂ ਦਿੱਤੀਆਂ ਹੋਣਗੀਆਂ! ਸਿੱਖ ਸ਼ਹੀਦ ਦੀ ਵਿਲੱਖਣ ਕਾਰਦਾਰੀ ਇਹ ਹੈ ਕਿ ਉਹ 'ਸ਼ਹੀਦੀ' ਨੂੰ ਸਦਾ ਯਾਦ ਰੱਖਦੇ ਰਹੇ ਹਨ ਤੇ ਵਕਤ ਪੈਣ 'ਤੇ ਸ਼ਹੀਦੀ ਦੇਣ ਤੋਂ ਕਿਸੇ ਨੇ ਕਦੇ ਮੂੰਹ ਨਹੀਂ ਮੋੜਿਆ। ਕਾਰਨ ਇਹ ਹੈ ਕਿ ਉਨ੍ਹਾਂ ਕਦੇ ਅਕਾਲ ਪੁਰਖ ਵਾਹਿਗੁਰੂ ਦਾ ਨਾਮ ਨਹੀਂ ਭੁਲਾਇਆ ਸੀ, ਸਗੋਂ ਉਨ੍ਹਾਂ ਦੀ ਰਸਨਾ 'ਤੇ ਸਦਾ 'ਉਸਦਾ' ਨਾਮ ਤੇ ਦਿਲ ਵਿਚ ਬਦੀ ਨਾਲ ਸਦਾ ਯੁੱਧ ਕਰਨ ਦਾ ਚਾਅ ਰਹਿੰਦਾ ਸੀ। ਇਸੇ ਲਈ ਗੁਰੂ ਕਲਗੀਧਰ ਜੀ ਦੇ ਕਥਨ 'ਜਬ ਆਵ ਕੀ ਆਉਧ ਨਿਦਾਨ ਬਨੈ, ਅਤ ਹੀ ਰਨ ਮੈ ਤਬ ਜੂਝ ਮਰੋਂ।' ਗੁਰੂ ਕਲਗੀਧਰ ਜੀ ਦੇ ਕਥਨ ਅਨੁਸਾਰ ਸਾਹਿਬਜ਼ਾਦੇ ਤੇ ਸ਼੍ਰੋਮਣੀ ਸਿੱਖ ਵੀ ਸ਼ਹੀਦੀਆਂ ਤੋਂ ਕਦੇ ਡਰੇ ਤ੍ਰਿਸਕੇ ਨਹੀਂ, ਸਗੋਂ ਜਦ ਵੀ ਐਸਾ ਮੌਕਾ ਆਇਆ ਉਨ੍ਹਾਂ ਹੱਸ-ਹੱਸ ਸ਼ਹੀਦੀਆਂ ਪ੍ਰਾਪਤ ਕੀਤੀਆਂ ਤੇ ਧਰਮ ਤੇ ਕੌਮ ਨਾਲੋਂ ਜਾਨਾਂ ਕਦੇ ਵੀ ਪਿਆਰੀਆਂ ਨਹੀਂ ਸਮਝੀਆਂ।

ਐਸੇ ਹੀ ਮਹਾਨ ਸ਼ਹੀਦ ਤੇ ਵਿਦਵਾਨ ਬਾਬਾ ਦੀਪ ਸਿੰਘ ਜੀ ਦਾ ਜਨਮ ੨੬ ਜਨਵਰੀ ੧੬੮੨ ਨੂੰ ਪਹੂਵਿੰਡ, ਤਹਿਸੀਲ ਪੱਟੀ, ਜ਼ਿਲ੍ਹਾ ਅੰਮ੍ਰਿਤਸਰ ਵਿਚ ਭਾਈ ਭਗਤਾਂ ਜੀ ਦੇ ਘਰ ਮਾਤਾ ਜਿਊਣੀ ਦੀ ਸੁਭਾਗ ਕੁੱਖੋਂ ਹੋਇਆ। ਆਪ ਭਰ ਜਵਾਨੀ ਦੀ ਆਯੂ ਵਿਚ ਗੁਰੂ ਗੋਬਿੰਦ ਸਿੰਘ ਜੀ ਪਾਸ ਅਨੰਦਪੁਰ ਸਾਹਿਬ ਹਾਜ਼ਰ ਹੋ ਗਏ ਤੇ ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਸਿੰਘ ਸਜ ਗਏ।

ਬਚਪਨ ਤੋਂ ਜਵਾਨੀ ਤਕ ਆਪ ਨੇ ਕਸਰਤਾਂ ਕਰਕੇ ਆਪਣਾ ਜੁੱਸਾ ਕਮਾਇਆ ਹੋਇਆ ਸੀ। ਆਨੰਦਪੁਰ ਆ ਕੇ ਆਪ ਨੇ ਨੇਜ਼ਾ-ਬਾਜ਼ੀ, ਤੀਰ-ਅੰਦਾਜ਼ੀ ਤੇ ਘੋੜ-ਸਵਾਰੀ ਦੇ ਕਰਤਬ ਸਿੱਖੇ। ਇਸ ਤਰ੍ਹਾਂ ਆਪ ਰਿਸ਼ਟ-ਪੁਸ਼ਟ ਸੁਹਣੇ ਜਵਾਨ ਬਣੇ। ਜਿਸ ਖੇਡ ਖੇਡਣ ਦੀ ਤਿਆਰੀ ਬਾਬਾ ਦੀਪ ਸਿੰਘ ਜੀ ਕਰ ਰਹੇ ਸਨ, ਉਹ ਖੇਡ ਅੱਗੇ ਕਿਸੇ ਖਿਡਾਰੀ ਨੇ ਨਹੀਂ ਸੀ ਖੇਡੀ ਤੇ ਨਾ ਹੀ ਕਿਸੇ ਨੂੰ ਪਤਾ ਸੀ ਕਿ ਇਹ ਖੇਡ ਕਿਵੇਂ ਖੇਡੀ ਜਾਂਦੀ ਹੈ! ਆਪ ਗੁਰੂ ਸਾਹਿਬ ਦੇ ਧਰਮ-ਯੁੱਧਾਂ ਵਿਚ ਵਧ-ਚੜ੍ਹ ਕੇ ਹਿੱਸਾ ਪਾਉਂਦੇ ਰਹੇ। ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਸਮੇਂ ਆਪ ਗੁਰੂ ਮਹਿਲਾਂ ਨਾਲ ਭਾਈ ਮਨੀ ਸਿੰਘ ਜੀ ਦੇ ਨਾਲ-ਨਾਲ ਦਿਲੀ ਆ ਗਏ। ਜਦੋਂ ਹਾਲਾਤ ਕੁਝ ਸਾਜ਼ਗਾਰ ਹੋਏ ਤਾਂ ਆਪ ਗੁਰੂ-ਮਹਿਲਾਂ ਨਾਲ ਮੁੜ ਪੰਜਾਬ ਵਾਪਸ ਆ ਗਏ ਤੇ ਸਿੱਖੀ ਦਾ ਪ੍ਰਚਾਰ ਕਰਨ ਲੱਗੇ। ਆਪ ਬੜੇ ਨੇਮੀ-ਪ੍ਰੇਮੀ ਸਨ। ਜਦੋਂ ਗੁਰੂ ਗੋਬਿੰਦ ਸਿੰਘ ਜੀ ਸਾਬੋ ਕੀ ਤਲਵੰਡੀ (ਦਮਦਮਾ ਸਾਹਿਬ) ਕਿਆਮ ਕਰ ਰਹੇ ਸਨ ਤਾਂ ਆਪ ਨੇ ਬਾਬਾ ਦੀਪ ਸਿੰਘ ਨੂੰ ਉਥੇ ਬੁਲਾ ਭੇਜਿਆ। ਜਦੋਂ ਆਪ ਗੁਰੂ ਜੀ ਦੀ ਸੇਵਾ ਵਿਚ ਹਾਜ਼ਰ ਹੋਏ ਤਾਂ ਕਲਗੀਧਰ ਪਾਤਸ਼ਾਹ ਜੀ ਨੇ ਭਾਈ ਮਨੀ ਜੀ ਦੇ ਨਾਲ ਆਪ ਨੂੰ ਗੁਰੂ ਗ੍ਰੰਥ ਸਾਹਿਬ ਦੀਆਂ ਹੱਥ-ਲਿਖਤ ਬੀੜਾਂ ਤਿਆਰ ਕਰਨ ਦੇ ਆਦੇਸ਼ ਦਿੱਤੇ। ਦੱਖਣ ਵਾਲੇ ਪਾਸੇ ਜਾਣ ਸਮੇਂ ਗੁਰੂ ਗੋਬਿੰਦ ਸਿੰਘ ਜੀ ਆਪ ਨੂੰ ਗੁਰੂ-ਮਹਿਲਾਂ ਪਾਸ ਛੱਡ ਗਏ।

ਗੁਰੂ ਸਾਹਿਬ ਦੇ ਜੋਤੀ-ਜੋਤਿ ਸਮਾਉਣ ਪਿਛੋਂ ਜਦੋਂ ਬਾਬਾ ਬੰਦਾ ਸਿੰਘ ਬਹਾਦਰ ਜ਼ਾਲਮਾਂ ਨੂੰ ਸੋਧਣ ਲਈ ਪੰਜਾਬ ਵੱਲ ਆਏ ਤਾਂ ਬਾਬਾ ਜੀ ਵੀ ਆਪ ਦੀ ਫੌਜ ਵਿਚ ਸ਼ਾਮਲ ਹੋ ਗਏ ਅਤੇ ਸਰਹੰਦ, ਸਢੌਰਾ ਆਦਿ ਥਾਵਾਂ 'ਤੇ ਲੜੀਆਂ ਗਈਆਂ ਲੜਾਈਆਂ ਵਿਚ ਬੜੀ ਬੀਰਤਾ ਨਾਲ ਲੜੇ ਤੇ ਜ਼ਾਲਮਾਂ ਦੇ ਆਹੂ ਲਾਹੇ। ਇਸ 'ਤੇ ਆਪ ਸਿੱਖ ਫੌਜਾਂ ਵਿਚ ਪਹਿਲੀ ਕਤਾਰ ਦੇ ਸੂਰਬੀਰਾਂ ਵਿਚ ਗਿਣੇ ਜਾਣ ਲੱਗੇ।

ਲੜਾਈਆਂ ਤੋਂ ਜ਼ਰਾ ਵਿਹਲ ਮਿਲੀ ਤਾਂ ਬਾਬਾ ਜੀ ਫੇਰ ਦਮਦਮਾ ਸਾਹਿਬ ਆ ਗਏ। ਉਥੇ ਰਹਿ ਕੇ ਆਪ ਨੇ ਬੜੀ ਰੀਝ ਨਾਲ ਸ੍ਰੀ ਗੁਰੂ ਗ੍ਰੰਥ

ਸਾਹਿਬ ਦੇ ਹੱਥ-ਲਿਖਤ ਉਤਾਰੇ ਕੀਤੇ। ਉਪਰੰਤ ਫੇਰ ਆਪ ਗੁਰਮਤਿ ਪ੍ਰਚਾਰ ਵਿਚ ਜੁਟ ਗਏ। ਅਹਿਮਦਸ਼ਾਹ ਅਬਦਾਲੀ ਦੇ ਹਮਲਿਆਂ ਸਮੇਂ ਪੰਜਾਬ ਵਿਚ ਸਿੰਘ ਹੀ ਉਸ ਦੇ ਸਾਹਮਣੇ ਟਿਕੇ ਜੋ ਉਸ ਨਾਲ ਦੋ-ਦੋ ਹੱਥ ਕਰਦੇ ਰਹੇ।ਅਬਦਾਲੀ ਨੂੰ ਪਤਾ ਲਗ ਚੁੱਕਾ ਸੀ ਕਿ ਜਦ ਤਕ ਸਿੱਖ ਉਸ ਦੇ ਰਾਹ ਵਿਚੋਂ ਨਹੀਂ ਹਟਦੇ, ਉਸ ਦਾ ਹਿੰਦੁਸਤਾਨ 'ਤੇ ਕਬਜ਼ਾ ਕਰਨ ਦਾ ਸੁਪਨਾ ਕਦੇ ਪੂਰਾ ਨਹੀਂ ਹੋ ਸਕਦਾ। ਸੋ ਉਸਨੇ ਤੈਮੂਰ ਸ਼ਾਹ ਨੂੰ ਆਖ ਕੇ ਸਿੱਖਾਂ 'ਤੇ ਸਖ਼ਤੀ ਕਰਨੀ ਸ਼ੁਰੂ ਕਰ ਦਿੱਤੀ। ਉਸ ਨੇ ਹਰਿਮੰਦਰ ਸਾਹਿਬ ਉਤੇ ਹਮਲਾ ਕਰਕੇ ਇਸ ਪਰਮ ਧਰਮ-ਸਥਾਨ ਦੀ ਬੇਅਦਬੀ ਕੀਤੀ। ਇਹ ਦੁਖਦਾਈ ਖ਼ਬਰ ਸੁਣ ਕੇ ਬਾਬਾ ਦੀਪ ਸਿੰਘ ਜੀ ਦੀਆਂ ਅੱਖਾਂ ਵਿਚ ਲਹੂ ਉਤਰ ਆਇਆ। ਉਨ੍ਹਾਂ ਦੇ ਡੌਲੇ ਫਰਕੇ ਅਤੇ ਉਨ੍ਹਾਂ ਨੇ ਜ਼ਾਲਮਾਂ ਨੂੰ ਸੋਧਣ ਲਈ ਕਮਰ-ਕੱਸੇ ਕੀਤੇ ਅਤੇ ਸ੍ਰੀ ਅੰਮ੍ਰਿਤਸਰ ਵੱਲ ਰਵਾਨਾ ਹੋ ਗਏ। ਦਮਦਮਾ ਸਾਹਿਬ ਤੋਂ ਕੁਝ ਹੋਰ ਸਿਰਲੱਥ ਯੋਧੇ ਆਪ ਨਾਲ ਰਲ ਪਏ ਜੋ ਪੜਾਅ-ਦਰ-ਪੜਾਅ ਤਰਨਤਾਰਨ ਆ ਪੁੱਜੇ। ਰਸਤੇ ਵਿਚ ਹੋਰ ਸੂਰਬੀਰ ਸਿੰਘ ਵੀ ਆਪ ਜੀ ਨਾਲ ਸ਼ਾਮਿਲ ਹੁੰਦੇ ਗਏ।ਆਪ ਨੇ ਸਾਥੀਆਂ ਨੂੰ ਸੁਚੇਤ ਕਰਦਿਆਂ ਸਪੱਸ਼ਟ ਸ਼ਬਦਾਂ ਵਿਚ ਕਹਿ ਦਿੱਤਾ ਕਿ ਮੇਰੇ ਨਾਲ ਉਹੀ ਰਲੇ ਜਿਸ ਨੂੰ ਸਿਰ ਪਿਆਰਾ ਨਾ ਹੋਵੇ, ਗੁਰੂ ਪਿਆਰਾ ਹੋਵੇ! ਆਪ ਨੇ ਕਿਹਾ, "ਮੈਂ ਅੱਜ ਸੰਸਾਰ ਨੂੰ ਐਸੀ ਖੇਡ ਖੇਡ ਕੇ ਵਿਖਾਵਾਂਗਾ ਕਿ ਲੋਕ ਹੈਰਾਨ ਰਹਿ ਜਾਣਗੇ।" ਇਹ ਖੇਡ ਸੀ, 'ਸਿਰ ਤਲੀ 'ਤੇ ਰੱਖ ਕੇ ਲੜਨ ਦੀ।' ਇਸ ਖੇਡ ਦਾ ਅਭਿਆਸ ਉਹ ਕੁਝ ਸਮੇਂ ਤੋਂ ਕਰ ਰਹੇ ਸਨ ਤੇ ਅੱਜ ਪ੍ਰਦਰਸ਼ਨੀ ਕਰਨ ਦਾ ਸਮਾਂ ਆ ਗਿਆ ਸੀ। ਸੋ ਉਨ੍ਹਾਂ ਆਪਣੀ ਖੇਡ ਵਿਚ ਸ਼ਾਮਿਲ ਹੋਣ ਵਾਲੇ ਬਾਕੀ ਸੰਗੀਆਂ-ਸਾਥੀਆਂ ਨੂੰ ਸੁਚੇਤ ਕਰਦਿਆਂ ਹੋਇਆਂ ਸਪੱਸ਼ਟ ਸ਼ਬਦਾਂ ਵਿਚ ਕਹਿ ਦਿੱਤਾ ਕਿ ਮੇਰੀ ਟੀਮ ਵਿਚ ਉਹ ਹੀ ਸ਼ਾਮਿਲ ਹੋਵੇ, ਜਿਸ ਸਿਰ ਤਲੀ ਉਤੇ ਰੱਖਿਆ ਹੋਵੇ! ਬਾਬਾ ਜੀ ਨੇ ਖੰਡੇ ਨਾਲ ਜ਼ਮੀਨ ਉਤੇ ਇਕ ਲਕੀਰ ਖਿੱਚ ਕੇ, ਉਨ੍ਹਾਂ ਸੂਰਬੀਰਾਂ ਨੂੰ ਲਕੀਰ ਟੱਪ ਆਉਣ ਲਈ ਲਲਕਾਰਿਆ, ਜਿਨ੍ਹਾਂ ਨੇ ਸਿਰ ਧਰਮ ਦੇ ਲੇਖੇ ਲਾਉਣਾ ਹੋਵੇ! ਇਤਿਹਾਸ ਅਨੁਸਾਰ ਬਾਬਾ ਜੀ ਦੇ ਸਾਥੀਆਂ ਵਿਚੋਂ ਇਕ ਵੀ ਐਸਾ ਨਾ ਰਿਹਾ, ਜਿਸ ਖੁਸ਼ੀ-ਖੁਸ਼ੀ ਲਕੀਰ ਨਾ ਟੱਪੀ ਹੋਵੇ।

ਇਨ੍ਹਾਂ ਸੂਰਬੀਰਾਂ ਸਿਰਲੱਥ ਯੋਧਿਆਂ ਨਾਲ ਬਾਬਾ ਦੀਪ ਸਿੰਘ ਜੀ ਅੰਮ੍ਰਿਤਸਰ ਵੱਲ ਨੂੰ ਵਧਦੇ ਚਲੇ ਆ ਰਹੇ ਸਨ। ਅੱਗੋਂ ਚਾਲੀ ਹਜ਼ਾਰ ਗਿਲਜੇ ਵੀ ਉਨ੍ਹਾਂ ਨੂੰ ਸ਼ਹੀਦੀ-ਸੱਦਾ ਦੇਣ ਲਈ ਤਿਆਰ ਸਨ। ਬਾਬਾ ਜੀ ਗਿਣਤੀ ਦੇ ਕੁਝ ਕੁ ਸਾਥੀਆਂ ਸਮੇਤ ਆਪਣੀ ਖੇਡ ਖੇਡਦੇ ਹੋਏ ਤਰਨਤਾਰਨ ਤੋਂ ਅੰਮ੍ਰਿਤਸਰ ਵੱਲ ਵਧਦੇ ਆ ਰਹੇ ਸਨ ਕਿ ਸੂਰਮਗਤੀ ਦੀ ਅਤਿ ਪ੍ਰਸ਼ੰਸ਼ਾਯੋਗ ਤੇ ਹੈਰਾਨੀਜਨਕ ਕਿਰਿਆ ਕਰਕੇ ਸੰਸਾਰ ਨੂੰ ਹੈਰਾਨ ਕਰ ਦਿੱਤਾ।ਅੱਜ ਤੱਕ ਲੋਕਾਂ ਨੇ ਅਜਿਹੀ ਖੇਡ ਨਹੀਂ ਸੀ ਵੇਖੀ ਜਿਹੋ ਜਿਹੀ ਅੱਜ ਵੇਖ ਰਹੇ ਸਨ। ਲੜਦਿਆਂ ਹੋਇਆਂ ਬਾਬਾ ਜੀ ਦੀ ਗਰਦਨ ਉਤੇ ਇਕ ਤਕੜਾ ਤੇ ਮਾਰੂ ਜ਼ਖ਼ਮ ਲੱਗਾ ਪਰ ਆਪ ਨੇ ਉਸ ਕਾਰੀ ਫੱਟ ਦੀ ਪਰਵਾਹ ਨਾ ਕਰਦਿਆਂ ਹੋਇਆਂ, ਆਪਣੇ ਖੱਬੇ ਹੱਥ ਦਾ ਸਹਾਰਾ ਦੇ ਕੇ ਸੱਜੇ ਹੱਥ ਨਾਲ ਯੁੱਧ ਜਾਰੀ ਰੱਖਿਆ। ਵੇਖਣ ਵਾਲੇ ਐਸੀ ਸੂਰਮਗਤੀ ਵੇਖਕੇ ਹੈਰਾਨੀ ਤੇ ਡਰ ਨਾਲ ਉਂਗਲਾਂ ਮੂੰਹ ਵਿਚ ਪਾ ਰਹੇ ਸਨ। ਇਹ ਸਿਰ ਤਲੀ 'ਤੇ ਰੱਖਣ ਦੀ ਖੇਡ ਅਨੋਖੀ ਤੇ ਵਚਿੱਤਰ ਸੀ। ਅੰਤ ਬਾਬਾ ਜੀ ਆਪਣੇ ਕੀਤੇ ਪ੍ਰਣ ਅਨੁਸਾਰ ਸ੍ਰੀ ਅੰਮ੍ਰਿਤਸਰ ਵਿਖੇ ਪੁੱਜਣ ਵਿਚ ਸਫਲ ਹੋ ਗਏ। ਜਿਥੇ ਆਪ ਸ਼ਹੀਦ ਹੋਏ, ਉਥੇ ਆਪ ਦੀ ਯਾਦਗਾਰ ਕਾਇਮ ਹੈ। ਇਹ ਸਾਕਾ ੧੭੬੨ ਈਸਵੀ ਦਾ ਹੈ।

**"ਸ਼ਹੀਦ ਕੀ ਜੋ ਮੌਤ ਹੈ, ਵੁਹ ਕੌਮ ਕੀ ਹਯਾਤ ਹੈ"**

ਵਾਲੀ ਗੱਲ ਹੋਈ। ਬਾਬਾ ਜੀ ਦੀ ਅਦੁੱਤੀ ਸ਼ਹੀਦੀ ਨੇ ਸਿੰਘਾਂ ਵਿਚ ਐਸਾ ਜੋਸ਼ ਤੇ ਉਤਸ਼ਾਹ ਪੈਦਾ ਕੀਤਾ ਕਿ ਜੰਬੂਰਾਂ ਨਾਲ ਖੱਲਾਂ ਲੱਥੀਆਂ, ਚਰਖੜੀਆਂ ਉਤੇ ਚੜ੍ਹਨਾ ਪਿਆ, ਬੰਦ-ਬੰਦ ਕਟਾਏ ਗਏ ਅਤੇ ਹੋਰ ਅਕਹਿ ਤੇ ਅਸਹਿ ਕਸ਼ਟ ਝੱਲੇ ਪਰ ਜਿੱਤ ਸੱਚ ਤੇ ਧਰਮ ਦੀ ਹੋਈ ਅਤੇ ਪੰਜਾਬ ਉਤੇ ਸਿੱਖਾਂ ਦਾ ਰਾਜ ਹੋਇਆ, ਗੁਰੂ ਦੇ ਨਾਮ ਦਾ ਸਿੱਕਾ ਚੱਲਿਆ। ਬਾਬਾ ਦੀਪ ਸਿੰਘ ਜੀ ਨੂੰ ਧਰਮ ਦੀ ਰੱਖਿਆ ਕਰਨ, ਗੁਰਧਾਮਾਂ ਦੀ ਪਵਿੱਤਰਤਾ ਕਾਇਮ ਰੱਖਣ ਅਤੇ ਕੌਮ ਦਾ ਸਿਰ ਉੱਚਾ ਰੱਖਣ ਲਈ ਸ਼ਹੀਦੀ ਦੇਣੀ ਪਈ ਸੀ।

ਗੁਰੂ ਗੋਬਿੰਦ ਸਿੰਘ ਜੀ ਦੇ ਚੜ੍ਹਦੀ ਕਲਾ ਵਾਲੇ ਚਲਾਏ ਹੋਏ ਕਾਰਜਾਂ ਵਿਚ ਬਾਬਾ ਜੀ ਨੇ ਪ੍ਰਸ਼ੰਸ਼ਾਯੋਗ ਯੋਗਦਾਨ ਪਾਇਆ ਤੇ ਗੁਰੂ ਸਾਹਿਬ ਦੇ ਜੋਤੀ-ਜੋਤਿ ਸਮਾਉਣ ਤੋਂ ਪਿਛੋਂ ਵੀ ਪੰਥ ਦੀ ਸ਼ਾਨ ਕਾਇਮ ਰੱਖਣ ਲਈ ਜਾਨ ਪਿਆਰੀ ਨਹੀਂ ਕੀਤੀ ਸਗੋਂ ਸ੍ਵੈਮਾਨ ਕਾਇਮ ਰੱਖਦਿਆਂ ਹੋਇਆਂ ਗੁਰੂ ਸਾਹਿਬ ਦਾ ਮਹਾਨ ਵਾਕ

**"ਜਬ ਆਵ ਕੀ ਅਉਧ ਨਿਦਾਨ ਬਨੈ**
**ਅਤ ਹੀ ਰਨ ਮੈ ਤਬ ਜੂਝ ਮਰੋਂ"**

ਸੱਚ ਕਰ ਵਿਖਾਇਆ। ਬਾਬਾ ਦੀਪ ਸਿੰਘ ਜੀ ਨੇ ਆਪਣੇ ਸਮੇਂ ਦੀਆਂ ਪ੍ਰਚਲਤ ਬੋਲੀਆਂ ਫਾਰਸੀ, ਸੰਸਕ੍ਰਿਤ ਤੇ ਅਰਬੀ ਆਦਿ ਪੜ੍ਹੀਆਂ ਤੇ ਵੱਧ ਤੋਂ ਵੱਧ ਗਿਆਨ ਪ੍ਰਾਪਤੀ ਦਾ ਖਿਆਲ ਰੱਖਦਿਆਂ ਹੋਇਆਂ ਸ਼ਾਸ਼ਤਰਾਂ ਦਾ ਅਭਿਆਸ ਵੀ ਜਾਰੀ ਰੱਖਿਆ। ਆਪ ਨਿਰੇ ਯੋਧੇ ਹੀ ਨਹੀਂ ਸਨ, ਵਿਦਵਾਨ ਵੀ ਸਨ।ਆਪ ਬਾਰੇ ਕਿਹਾ ਜਾਂਦਾ ਹੈ ਕਿ ਆਪ ਨਿਤਨੇਮ ਤੋਂ ਛੁੱਟ ਵਿਹਲੇ ਸਮੇਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਹੱਥ-ਲਿਖਤ ਬੀੜਾਂ ਤਿਆਰ ਕਰਿਆ ਕਰਦੇ ਸਨ।

ਆਪ ਨੇ ਇਕ ਟਕਸਾਲੀ ਸਿੰਘ ਵਾਂਗ "ਮੁਖ ਤੇ ਹਰਿ ਚਿੱਤ ਮੈ ਜੁਧੁ ਬਿਚਾਰੈ" ਵਾਲਾ ਨਮੂਨੇ ਦਾ ਜੀਵਨ ਬਤੀਤ ਕੀਤਾ।

## ਅਪੀਲ

**ਵੇਖਣ ਵਿਚ ਇਹ ਸਾਹਮਣੇ ਆਇਆ ਹੈ ਕਿ ਭਵਨ ਵੱਲੋਂ ਭੇਜੇ ਜਾਣ ਵਾਲੇ ਮੈਗਜ਼ੀਨ ਜਾਂ ਕੋਈ ਹੋਰ ਚਿੱਠੀ-ਪੱਤਰ ਮੈਂਬਰਾਂ ਦੇ ਸਹੀ ਪਤੇ ਤੇ ਨਹੀਂ ਪਹੁੰਚਦਾ ਅਤੇ ਘੋਖ ਕਰਨ ਤੇ ਪਤਾ ਲੱਗਾ ਕਿ ਜੋ ਵੀ ਮੈਂਬਰਾਂ ਨੇ ਆਪਣੇ ਰਿਹਾਇਸ਼ੀ ਪਤੇ ਬਦਲ ਲਏ ਹਨ ਉਹ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਦਫ਼ਤਰ ਵਿਚ ਉਹਨਾਂ ਦੇ ਨਵੇਂ ਪਤੇ ਨੋਟ ਕਰਵਾ ਦੇਣ ਤਾਂ ਜੋ ਮੈਂਬਰਾਂ ਦਾ ਸਹੀ ਪਤਾ ਦਫ਼ਤਰ ਦੇ ਰਿਕਾਰਡ ਵਿਚ ਅਪਡੇਟ ਕੀਤਾ ਜਾ ਸਕੇ।**

**-ਧੰਨਵਾਦ**

# ਗੁਰ ਸਾਗਰ ਦੇ ਸੁੱਚੇ ਮੋਤੀ

ਸਿੰਘ ਸਾਹਿਬ ਗਿਆਨੀ ਚੇਤ ਸਿੰਘ

## ਭਾਈ ਮਨਸੁਖ ਦਾ ਮਿਲਾਪ

ਲਾਹੌਰ ਵਿਚ ਇੱਕ ਬੜਾ ਧਨੀ ਵਪਾਰੀ ਮਨਸੁਖ ਨਾਮ ਕਰਕੇ ਸੀ। ਉਸ ਦੇ ਪਾਸ ਭਗੀਰਥ ਪੁੱਜਾ। ਆਪਣਾ ਮਨੋਰਥ, ਲੜਕੀ ਦੀ ਸ਼ਾਦੀ ਦੀ ਸਮੱਗਰੀ ਲੈਣ ਦਾ ਦਸਿਆ। ਸਮੱਗਰੀ ਵਾਲਾ ਕਾਗਦ ਅੱਗੇ ਰੱਖਿਆ ਤੇ ਕਿਹਾ ਕਿ ਸਮਾਨ ਚੰਗਾ ਹੋਵੇ ਤੇ ਪੈਸੇ ਭੀ ਘੱਟ ਲੱਗਣ। ਮਨਸੁਖ ਨੇ ਕਿਹਾ ਕਿ ਡੇਰਾ ਕਰੋ, ਇਕ ਦੋ ਦਿਨਾਂ ਵਿਚ ਸਭ ਸਮਾਨ ਤੁਹਾਨੂੰ ਲੈ ਦਿਆਂਗਾ। ਜੋ ਤਿਆਰ ਨਹੀਂ ਮਿਲੇਗਾ, ਉਹ ਤਿਆਰ ਕਰਾਂ ਲਵਾਂਗੇ। ਭਗੀਰਥ ਨੇ ਕਿਹਾ-ਸੱਜਣਾ, ਮੈਂ ਇਕ ਰਾਤ ਤੋਂ ਵੱਧ ਇਥੇ ਰਹਿ ਨਹੀਂ ਸਕਦਾ। ਮਨਸੁਖ ਨੇ ਕਿਹਾ-ਆਪਣਾ ਘਰ ਹੈ, ਤੁਹਾਨੂੰ ਕਿਸੇ ਗੱਲੋਂ ਡਰਨ ਦੀ ਲੋੜ ਨਹੀਂ। ਸਭ ਕੁੱਝ ਪਰਮਾਤਮਾ ਨੇ ਦਿੱਤਾ ਹੈ, ਉਸ ਦੀ ਬਖਸ਼ਿਸ਼ ਹੈ। ਭਗੀਰਥ ਨੇ ਕਿਹਾ-ਮਿੱਤਰਾ, ਮੈਨੂੰ ਇਕੋ ਰਾਤ ਰਹਿਣ ਦਾ ਹੁਕਮ ਹੈ। ਮਨਸੁਖ ਕਿਹਾ-ਹੁਕਮ ਕਿਸ ਦਾ ਹੈ, ਲੋਧੀ ਦਾ? ਭਗੀਰਤ ਨੇ ਕਿਹਾ-ਮੇਰਾ ਹਾਕਮ ਬਹੁਤ ਵੱਡਾ ਹੈ, ਜਿਸ ਦਾ ਹੁਕਮ ਮੰਨ ਕੇ ਮੈਂ ਸੁਖ ਪਾਇਆ ਹੈ, ਉਹ ਨਿਰੰਜਨੀ ਜੋਤ ਕਲਜੁਗ ਵਿਚ ਜੀਵਾਂ ਦਾ ਉਧਾਰ ਕਰਨ ਲਈ ਆਇਆ ਹੈ। ਜੋ ਸ਼ਰਧਾ ਧਾਰ ਕੇ ਪਿਆਰ ਕਰੇ ਉਹ ਲੋਕ ਪਰਲੋਕ ਵਿਚ ਸੁਖੀ ਹੋ ਜਾਂਦਾ ਹੈ। ਮਨਸੁਖ ਕਹਿਣ ਲੱਗਾ-ਕਲਯੁਗ ਵਿਚ ਤਾਂ ਬਹੁਤਾ ਅੱਜ-ਕੱਲ ਪਖੰਡ ਦਾ ਹੀ ਬੋਲ-ਬਾਲਾ ਹੈ। ਜੇਕਰ ਸ਼ਰਧਾ ਧਾਰੇ ਤੋਂ ਬਿਨਾਂ ਮੈਂ ਪਰਤਾਵਾ ਲਵਾਂ ਤੇ ਮੇਰੀ ਤਸੱਲੀ ਹੋ ਜਾਵੇ ਤਾਂ ਮੈਂ ਮੰਨਾਂਗਾ। ਭਗੀਰਥ ਨੇ ਕਿਹਾ-ਠੀਕ ਹੈ, ਤੁਸੀਂ ਜੀਅ ਵਿਚ ਧਾਰੋ, ਪਰ ਜੇ ਤੁਹਾਡੀ ਤਸੱਲੀ ਹੋ ਜਾਵੇ ਤਾਂ ਤੁਸੀਂ ਮੰਨਿਉ। ਸਾਰਾ ਸਮਾਨ ਮਨਸੁਖ ਨੇ ਖਰੀਦ ਦਿੱਤਾ। ਮਨਸੁਖ ਭੀ ਨਾਲ ਤਿਆਰ ਹੋ ਗਿਆ। ਸਮਾਨ ਯੱਕੇ ਵਿਚ ਰੱਖਿਆ ਅਤੇ ਚੱਲ ਪਏ। ਦੋ ਰਾਤਾਂ ਰਸਤੇ ਵਿਚ ਲੱਗ ਗਈਆਂ। ਰਸਤੇ ਵਿਚ ਭਗੀਰਥ ਨੇ ਮਨਸੁਖ ਨੂੰ ਸਤਿਗੁਰਾਂ ਦੇ ਸੰਬੰਧ ਵਿਚ ਬੜਾ ਕੁਝ ਵਿਸਥਾਰ ਨਾਲ ਦੱਸਿਆ। ਸੁਲਤਾਨਪੁਰ ਪੁੱਜੇ। ਪਿਆਰ ਦੇ ਦੇਵਤੇ ਸਤਿਗੁਰੂ ਇਕ ਪਾਸੇ ਬੈਠੇ ਸਨ। ਦੋਹਾਂ ਨੇ ਨਮਸਕਾਰ ਕੀਤੀ। ਦੋਵੇਂ ਅਜੇ ਖੜ੍ਹੇ ਹੀ ਸਨ ਕਿ ਸਤਿਗੁਰਾਂ ਨੇ ਦੋਹਾਂ ਵੱਲ ਨਜ਼ਰ ਭਰ ਕੇ ਤੱਕਿਆ। ਕਹਿਣ ਲੱਗੇ-ਆ ਭਾਈ ਭਗੀਰਥ ਪਰਉਪਕਾਰੀ! ਸੌਦਾ ਲੈ ਆਏ ਹੋ ਅਤੇ ਇਕ ਜਗਯਾਸੂ ਭੀ ਨਾਲ ਵਿਹਾਜ ਲਿਆਏ ਹੋ। ਭਗੀਰਥ ਨੇ ਹੱਥ ਜੋੜ ਕੇ ਕਿਹਾ-ਪਾਤਸ਼ਾਹ! ਇਹ ਸਭ ਆਪ ਦੀ ਕਿਰਪਾ ਹੈ। ਮਨਸੁਖ ਵੱਲ ਤੱਕ ਕੇ ਸਤਿਗੁਰੂ ਕਹਿਣ ਲੱਗੇ-ਮਨਸੁਖ ਆਉ, ਜੀ ਆਇਆਂ ਨੂੰ। ਪਰਉਪਕਾਰੀ ਭਗੀਰਥ ਨੇ ਤੇਰੇ ਨਾਮ ਨੂੰ ਸਫਲਤਾ ਦੇ ਰਾਹ ਪਾ ਦਿੱਤਾ ਹੈ। ਭਗੀਰਤ ਨੇ ਸਾਰੀ ਸਮੱਗਰੀ ਅੱਗੇ ਰੱਖੀ, ਜੋ ਲੋੜਵੰਦ ਖਤਰੀ ਦੇ ਹਵਾਲੇ ਕੀਤੀ। ਮਨਸੁਖ ਨੂੰ ਨਾਲ ਲਿਆਉਣ ਦੀ ਸਾਰੀ ਗੱਲ ਸਤਿਗੁਰਾਂ ਨੂੰ ਦੱਸੀ ਕਿ ਇਹ ਚਾਹਵਾਨ ਹੈ, ਆਪ ਜੀ ਦੀ ਚਰਨ ਸ਼ਰਨ ਆ ਗਿਆ ਹੈ। ਮਨਸੁਖ ਵੱਲ ਨਜ਼ਰ ਭਰ ਕੇ ਤਕਿਆ। ਮਨ ਦਾ ਪਰਤਾਵਾ ਜੋ ਉਸ ਨੇ ਚਿਤਵਿਆ ਸੀ ਕਿ ਜੇਕਰ ਸਤਿਗੁਰੂ ਸੱਚਾ ਹੈ ਤਾਂ ਮੈਨੂੰ ਮੇਰਾ ਨਾਮ ਲੈ ਕੇ ਅਵਾਜ਼ ਮਾਰਨ। ਸਤਿਗੁਰਾਂ ਨੇ ਇਸ ਨੂੰ ਦੇਖਦਿਆਂ ਹੀ ਇਸ ਦਾ ਨਾਮ ਲੈ ਕੇ ਪੁਕਾਰਿਆ। ਕੁਝ ਦਿਨ ਮਨਸੁਖ ਇਥੇ ਹੀ ਠਹਿਰ ਗਿਆ। ਸੰਗਤ ਦਾ ਅਨੰਦ ਮਾਣਦਿਆਂ ਰੋਜ਼ ਕੀਰਤਨ ਸੁਣਦਿਆਂ ਭਰਮ ਦੇ ਛੌੜ ਕੱਟੇ ਗਏ।

ਇਕ ਦਿਨ ਆਪ ਇਕੱਲੇ ਬੈਠੇ ਹੋਏ ਸਨ। ਮਨਸੁਖ ਨੇ ਚਰਨ ਆ ਪਕੜੇ, ਹੱਥ ਜੋੜ ਕੇ ਕਹਿਣ ਲੱਗਾ-ਮੈਂ ਮੂਰਖ ਦਾ ਭੀ ਨਿਸਤਾਰਾ ਕਰੋ। ਬੜੇ ਭਾਰੇ ਭਿਆਨਕ ਮਾਇਆ ਦੇ ਖਾਤੇ ਵਿਚ ਪਿਆ ਹੋਇਆ। ਤ੍ਰਿਸ਼ਨਾ ਨਾਲ ਮਨ ਨੱਠਾ ਫਿਰਦਾ ਹੈ। ਕਿਰਪਾ ਕਰੋ, ਮੇਰਾ ਉਧਾਰ ਕਰੋ। ਸਤਿਗੁਰੂ ਜੀ ਬੋਲੇ-ਮਨਸੁਖ ਤਿੰਨ ਗੱਲਾਂ ਪੱਲੇ ਬੰਨ੍ਹ ਲੈ। ਨਾਮ ਵਿਚ ਲਿਵ ਲਾਉਣੀ, ਹਉਮੈ ਨੂੰ ਜਿੱਤਣਾ, ਤੇ ਭਾਣੇ ਵਿਚ ਸੁਖ ਮਨਾਉਣਾ। ਨਾਮ ਦੀਆਂ ਗੱਲਾਂ ਤੂੰ ਸੁਣ ਚੁੱਕਾ ਹੈਂ। ਨਾਮ ਤੋਂ ਬਿਨਾਂ ਗੱਡੀ ਨਹੀਂ ਚੱਲੇਗੀ। ਨਾਮ ਜਪੋ। ਜਪਦਿਆਂ ਜਪਦਿਆਂ ਸਿਮਰਨ ਹੋ ਜਾਵੇਗਾ। ਸਿਮਰਨ, ਮਨ ਤੇ ਪ੍ਰਾਣਾਂ ਵਿਚ ਵੱਸ ਜਾਵੇਗਾ। ਇਸ ਤਰ੍ਹਾਂ ਪ੍ਰਵਾਹ ਵਿਚ ਟੁਰਦਿਆਂ ਮਾਇਆ ਦਾ ਮੋਹ ਕੱਟਿਆ ਜਾਵੇਗਾ ਤੇ ਸਾਈਂ ਦਾ ਪਿਆਰ ਹਿਰਦੇ ਵਿਚ ਜਾਗੇਗਾ। ਮਨ ਦਾ ਨੱਠਣਾ ਮਰਯਾਦਾ ਵਿਚ ਹੋ ਜਾਵੇਗਾ। ਇੰਦਰੇ ਮਨ ਦੇ ਵੱਸ ਵਿਚ ਰਹਿਣਗੇ। ਨਾਲ ਬਾਣੀ ਦਾ ਭੀ ਅਭਿਆਸ ਰੱਖੇ, ਇਸ ਨਾਲ ਮਨ ਟਿਕੇਗਾ ਤੇ ਅੰਦਰ ਠੰਢ ਵਰਤੇਗੀ।

ਦੂਸਰਾ, ਮਨ ਨੂੰ ਮੂਲ ਤੋਂ ਨਿਖੇੜਨ ਵਾਲੀ ਹਉਮੈ ਹੈ। ਇਹ ਹਉਮੈ ਸਾਰੇ ਬੰਧਨਾਂ ਦਾ ਮੁੱਢ ਹੈ। ਸਾਈਂ ਅਤੇ ਜੀਵ ਵਿਚਕਾਰ ਪਰਦਾ ਤਾਣਦੀ ਹੈ। ਜਦੋਂ ਇਸ ਨੂੰ ਲੋੜੀਂਦੀ ਵਸਤੂ ਮਿਲ ਜਾਂਦੀ ਹੈ, ਤਾਂ ਭੋਗ ਦਾ ਰੂਪ ਧਾਰਦੀ ਹੈ।

ਕਦੇ ਲੋਭ ਦਾ ਰੂਪ, ਕਦੇ ਮੋਹ ਦਾ ਤੇ ਕਦੇ ਹੰਕਾਰ ਦੈ। ਜਦੋਂ ਹੰਕਾਰ ਨੂੰ ਠੋਹਕਰ ਵਜੇ ਤਾਂ ਕ੍ਰੋਧ ਬਣ ਕੇ ਪ੍ਰਾਣੀ ਦੇ ਅੰਦਰ ਪ੍ਰਵੇਸ਼ ਕਰਦੀ ਹੈ। ਜਦੋਂ ਕ੍ਰੋਧ ਕੁੱਝ ਨਾ ਸਾਰ ਸਕੇ ਤਾਂ ਫਿਰ ਇਹ ਈਰਖਾ ਤੇ ਸਾੜਾ ਬਣ ਜਾਂਦੀ ਹੈ। ਜੰਮਣ ਮਰਨ ਦੇ ਸਾਰੇ ਖੇਲ ਇਸੇ ਮਾਇਆ ਦੀ ਹਉਮੈ ਵਿਚ ਹੋ ਰਹੇ ਹਨ। ਇਹ ਹਉਮੈ ਦੂਰ ਹੁੰਦੀ ਹੈ ਨਾਮ ਦੀ ਕਮਾਈ ਨਾਲ ਨਾਮ ਸਿਮਰਨ ਵਿਚ ਇਹ ਰੋਕਾਂ ਪਾਉਂਦੀ ਹੈ। ਮਨਸੁਖ! ਇਸ ਹਉਮੈ ਤੋਂ ਸਾਵਧਾਨਤਾ ਰੱਖਣੀ। ਇਸ ਨੂੰ ਜਾਨਣਾ ਕਿ ਕਿਥੋਂ ਪੈਦਾ ਹੁੰਦੀ ਹੈ ਤੇ ਕਿਸ ਤਰ੍ਹਾਂ ਇਸ ਦੀ ਨਵਿਰਤੀ ਹੋਵੇ। ਤੀਸਰੀ ਗੱਲ, ਭਾਣਾ ਮੰਨਣਾ।

ਜਗਤ ਵਿਚ ਦੁਖ-ਸੁਖ ਵਾਪਰਦੇ ਹਨ, ਹਰਖ ਸੋਗ ਆਵੰਦੇ ਹਨ। ਇਨ੍ਹਾਂ ਦੀ ਠੋਕਰ ਅੰਦਰ ਤੱਕ ਡੂੰਘੀ ਜਾਂਦੀ ਹੈ। ਜਦੋਂ ਇਸ ਦੀ ਪ੍ਰਾਪਤ

ਹੋਈ ਚੀਜ਼ ਵਿਚ ਰੋਕ ਪਵੇ, ਉਦੋਂ ਇਹ ਦੁਖੀ ਹੁੰਦਾ ਹੈ। ਜਿਨ੍ਹਾਂ ਪਦਾਰਥਾਂ ਵਿਚ ਮਮਤਾ ਹੈ ਜਦੋਂ ਉਹ ਬਿਨਸ ਜਾਂਦੇ ਹਨ ਉਦੋਂ ਜੋ ਮਨੁੱਖ ਇਸ ਨੂੰ ਭਾਣਾ ਕਰਕੇ ਮੰਨ ਲੈਂਦਾ ਹੈ, ਉਹ ਮਨੁੱਖ ਠੋਕਰ ਨਹੀਂ ਖਾਂਦਾ।

ਜਿਹੜੇ ਪਦਾਰਥ ਸਾਡੇ ਪਾਸ ਰਹਿਣਗੇ ਨਹੀਂ, ਉਨ੍ਹਾਂ ਵਿਚ ਕਾਹਦਾ ਜਕੜਾ ਤੇ ਕਾਹਦਾ ਮੋਹ। ਉਹ ਹੁਕਮ ਵਿਚ ਮਿਲੇ ਹਨ ਤੇ ਗਏ ਭੀ ਹੁਕਮ ਵਿਚ ਹਨ ਸਾਡਾ ਪਿਆਰ ਉਸ ਦਾਤੇ ਵਿਚ ਹੋਣਾ ਚਾਹੀਦਾ ਹੈ, ਜਿਸ ਨੇ ਵਸਤੂਆਂ ਦਿੱਤੀਆਂ ਹਨ, ਉਸ ਦੀਆਂ ਦਾਤਾਂ ਵਿਚ ਨਹੀਂ ਹੋਣਾ ਚਾਹੀਦਾ। ਇਸ ਲਈ ਚੰਗਾ ਹੈ ਕਿ ਅਸੀਂ ਸਦਾ ਉਸ ਨਿਰੰਕਾਰ ਨਾਲ ਲੱਗੇ ਰਹੀਏ।

ਸਤਿਗੁਰਾਂ ਕਿਹਾ-ਮਨਸੁਖ ! ਇਹ ਤਿੰਨ ਗੱਲਾਂ ਮਨ ਨੂੰ ਸੁਖੀ ਬਣਾ ਦਿੰਦੀਆਂ ਹਨ। ਮਨਸੁਖ ਸੁਣ ਕੇ ਗਦ-ਗਦ ਹੋ ਗਿਆ। ਚਰਨ ਪਰਸੇ, ਨਿਹਾਲ ਹੋ ਗਿਆ। ਕਿਤਨੀ ਬਾਣੀ ਕੰਠ ਹੋ ਗਈ। ਰੋਜ਼ ਸਤਸੰਗਤ ਵਿਚ ਸਵੇਰੇ ਉੱਠ ਕੇ ਜਾਣ ਨਾਲ ਸਿਮਰਨ ਵਿਚ ਲਿਵ ਲੱਗਣ ਦੀ ਪ੍ਰਾਪਤੀ ਹੋ ਗਈ। ਆਗਿਆ ਲੈ ਕੇ ਚਰਨਾਂ ਤੇ ਨਮਸਕਾਰ ਕੀਤੀ ਤੇ ਮਨਸੁਖ ਲਾਹੌਰ ਆਪਣੇ ਘਰ ਵਾਪਸ ਚਲਾ ਗਿਆ।

## ਮਨਸੁਖ ਦਾ ਸੰਗਤਾ ਦੀਪ ਪੁੱਜਣਾ

ਸਤਿਗੁਰੂ ਜੀ ਨੇ ਵੇਈਂ ਨਦੀ ਵਿਚ ਟੁਭੀ ਮਾਰੀ ਕਿਤਨੇ ਦਿਨਾਂ ਪਿਛੋਂ ਬਾਹਰ ਨਿਕਲੇ। ਦਰਸ਼ਨਾਂ ਲਈ ਬਹੁਤ ਸ਼ਰਧਾਲੂ ਆਏ। ਭਾਈ ਮਨਸੁਖ ਭੀ ਲਾਹੌਰ ਤੋਂ ਦਰਸ਼ਨਾਂ ਲਈ ਸੁਲਤਾਨਪੁਰ ਆਏ, ਡੰਡੌਤ ਕੀਤੀ, ਦਰਸ਼ਨ ਕਰਕੇ ਬੜੇ ਨਿਹਾਲ ਹੋਏ। ਸਤਿਗੁਰਾਂ ਨੇ ਸੁਖ ਸਾਂਦ ਪੁਛੀ। ਫਿਰ ਗੁਰਬਾਣੀ ਦੇ ਕਈ ਸੁੰਦਰ ਉਪਦੇਸ਼ ਦਿੱਤੇ। ਕਈ ਦਿਨ ਠਹਿਰਨ ਪਿਛੋਂ ਮਨਸੁਖ ਨੇ ਹੱਥ ਜੋੜ ਕੇ ਬੇਨਤੀ ਕੀਤੀ-ਪਾਤਸ਼ਾਹ ! ਮੈਂ ਆਪ ਜੀ ਦੀ ਆਗਿਆ ਨਾਲ ਬਹੁਤ ਸਾਰਾ ਮਾਲ ਲੈ ਕੇ ਸੰਗਲਾ ਦੀਪ ਜਾਣਾ ਚਾਹੁੰਦਾ ਹਾਂ।

ਕੁਝ ਸੁੰਦਰ ਸ਼ਬਦ ਆਪਣੀ ਰਸਨਾ ਤੋਂ ਉਚਾਰਨ ਕਰੋ ਜੋ ਮੈਂ ਲਿਖ ਲਵਾਂ। ਨੇਮ ਨਾਲ ਉਹ ਸ਼ਬਦ ਪੜ੍ਹਿਆ ਕਰਾਂਗਾ, ਜਿਨ੍ਹਾਂ ਸ਼ਬਦਾਂ ਦੇ ਪੜ੍ਹਨ ਨਾਲ ਆਪ ਜੀ ਦਾ ਪ੍ਰੇਮ ਵਧੇਗਾ। ਸਤਿਗੁਰੂ ਜੀ ਨੇ ਭਾਈ ਮਨਸੁਖ ਨੂੰ ਹੋਰ ਸੁੰਦਰ ਬਾਣੀ ਲਿਖ ਦਿੱਤੀ, ਜਿਸ ਬਾਣੀ ਦੇ ਪੜ੍ਹਨ ਨਾਲ ਭਗਤੀ ਵਿਚ ਵਾਧਾ ਹੁੰਦਾ ਹੈ। ਫਿਰ ਸ਼ੁਭ ਸਿੱਖਿਆ ਦਿੱਤੀ ਕਿ ਪਹਿਰ ਰਾਤ ਰਹਿੰਦਿਆਂ ਪਾਣੀ ਨਾਲ ਇਸ਼ਨਾਨ ਕਰਨਾ, ਫਿਰ ਬਾਣੀ ਪੜ੍ਹਨੀ। ਫਿਰ ਦਿਨ ਚੜ੍ਹੇ ਕੜਾਹ ਪ੍ਰਸ਼ਾਦ ਕਰਕੇ, ਦੋਵੇਂ ਹੱਥ ਜੋੜ ਕੇ ਅਰਦਾਸ ਕਰਨੀ, ਤੇ ਉਹ ਪ੍ਰਸ਼ਾਦ ਪਹਿਲਾਂ ਹੋਰਨਾਂ ਨੂੰ ਵੰਡ ਕੇ ਫਿਰ ਆਪ ਛਕਣਾ। ਫਿਰ ਦਿਨ ਚੜ੍ਹੇ ਆਪਣੇ ਵਪਾਰ ਨੂੰ ਮਨ ਲਾ ਕੇ ਕਰਨਾ। ਆਪਣੀ ਬੁੱਧੀ ਨੂੰ ਭਗਤੀ ਵਿਚ ਡਬੋ ਰੱਖਣਾ। ਭਾਈ ਮਨਸੁਖ ਨੇ ਸਤਿਗੁਰਾਂ ਦਾ ਉਪਦੇਸ਼ ਲੈ ਲਾਹੌਰ ਆ ਕੇ ਸੰਗਲਾ ਦੀਪ ਜਾਣ ਲਈ ਮਾਲ ਪਾਇਆ। ਆਪ ਭੀ ਨਾਲ ਹੀ ਚਲ ਪਿਆ। ਕੁਦਰਤ ਦੀ ਖੇਲ, ਸੁੰਦਰ ਵਿਚ ਜਹਾਜ਼ ਰੁਕ ਗਿਆ।

ਸਤਿਗੁਰਾਂ ਦਾ ਧਿਆਨ ਕੀਤਾ, ਅਰਦਾਸ ਕੀਤੀ, ਜਹਾਜ਼ ਬੰਨੇ ਲੱਗ ਗਿਆ। ਸਤਿਗੁਰਾਂ ਦਾ ਧੰਨਵਾਦ ਕੀਤਾ। ਮਨਸੁਖ ਉੱਥੇ ਪੁੱਜ ਗਿਆ ਜਿਸ ਨਗਰੀ ਦਾ ਰਾਜਾ ਸ਼ਿਵਨਾਭ ਸੀ। ਮਾਲ ਉਤਾਰਿਆ। ਚੰਗੀ ਜਗ੍ਹਾ ਦੇਖ ਕੇ ਡੇਰਾ ਕੀਤਾ।

## ਬੇਨਤੀ

1. ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸ਼ਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

2. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਮੈਂਬਰ ਸਾਹਿਬਾਨ ਜਿਨ੍ਹਾਂ ਦੇ ਮੈਂਬਰਸ਼ਿਪ ਕਾਰਡ ਨਹੀਂ ਬਣੇ ਜਾਂ ਗੁਆਚ ਚੁੱਕੇ ਹਨ ਉਹ ਜਲਦੀ ਤੋਂ ਜਲਦੀ ਨਵੇਂ ਕਾਰਡ ਬਨਾਉਣ ਲਈ ਭਵਨ ਦੇ ਦਫ਼ਤਰ ਵਿਖੇ ਸੰਪਰਕ ਕਰਨ ਜੀ।

**ਸੰਪਾਦਕ - ਇੰਜ: ਭਗਵਾਨ ਸਿੰਘ ਲੁਬਾਣਾ**
**E-mail:bslubana187@gmail.com**
**M.: 98155-40240**

# ਸਮੁੱਚੇ ਬਰਾਦਰੀ ਹਾਲਾਤ ਤੇ ਇਕ ਝਾਤ

ਵਰਿਆਮ ਸਿੰਘ ਪੀ.ਈ.ਐਸ. (1)
ਪ੍ਰਿੰਸੀਪਲ (ਰਿਟਾ.)

**ਲੁਬਾਣਾ ਯੰਗਮੈਨ ਐਸੋਸੀਏਸ਼ਨ ਦੀ ਮੁੜ ਸਥਾਪਨਾ** : ਇਹ ਐਸੋਸੀਏਸ਼ਨ 1944 ਵਿੱਚ ਸਿੱਖ ਨੈਸ਼ਨਲ ਕਾਲਜ, ਲਾਹੌਰ ਵਿਖੇ ਸ਼ੁਰੂ ਕੀਤੀ ਗਈ ਸੀ। ਕਾਲਜ ਵਿਦਿਆਰਥੀ ਇਸ ਦੇ ਜ਼ਿਆਦਾ ਮੈਂਬਰ ਸਨ। ਉਸ ਵੇਲੇ ਸੰਤ ਪ੍ਰੇਮ ਸਿੰਘ ਜੀ ਇਸ ਦੇ ਪ੍ਰਧਾਨ ਅਤੇ ਬਾਵਾ ਹਰਨਾਮ ਸਿੰਘ ਜਨਰਲ ਸੈਕਟਰੀ ਹੁੰਦੇ ਸਨ। ਦੇਸ਼ ਦੀ ਵੰਡ ਤੋਂ ਬਾਅਦ ਬਰਾਦਰੀ ਦੀ ਉਸ ਵੇਲੇ ਦੀ ਵਿੱਦਿਅਕ, ਸਮਾਜਿਕ ਅਤੇ ਆਰਥਿਕ ਦਿਸ਼ਾ ਬਾਰੇ ਗੰਭੀਰਤਾ ਨਾਲ ਸੋਚ ਵਿਚਾਰ ਕਰਨ ਲਈ ਇਹ ਐਸੋਸੀਏਸ਼ਨ 1952 ਵਿੱਚ ਕਪੂਰਥਲਾ ਵਿਖੇ ਮੁੜ ਤੋਂ ਸੁਰਜੀਤ ਕੀਤੀ ਗਈ। ਦਾਸ ਨੂੰ ਇਸ ਸੰਸਥਾ ਦੀ ਮੁਖ ਸੇਵਾਦਾਰੀ ਅਤੇ ਸ. ਅਵਤਾਰ ਸਿੰਘ ਲੁਬਾਣਾ ਨੂੰ ਜਨਰਲ ਸੈਕਟਰੀ ਦੀ ਸੇਵਾ ਸੌਂਪੀ ਗਈ। ਇਸ ਐਸੋਸੀਏਸ਼ਨ ਦਾ ਕਿਸੇ ਰਾਜਨੀਤਕ ਪਾਰਟੀ ਨਾਲ ਕੋਈ ਸੰਬੰਧ ਨਹੀਂ ਸੀ। ਵਿਦਿਅਕ ਘਾਟ ਨੂੰ ਦੂਰ ਕਰਨ ਲਈ ਬਰਾਦਰੀ ਦੇ ਪੜ੍ਹਨਯੋਗ ਅਵੱਸਥਾ ਦੇ ਬੱਚਿਆਂ ਨੂੰ ਸਕੂਲ ਭੇਜਣ ਲਈ ਜਾਗਰੂਕਤਾ ਪੈਦਾ ਕਰਨੀ, ਉਚੇਰੀ ਸਿੱਖਿਆ ਲਈ ਵਿਦਿਆਰਥੀਆਂ ਨੂੰ ਪ੍ਰੇਰਤ ਕਰਕੇ ਕਾਲਜ ਵਿੱਚ ਦਾਖਲੇ ਲਈ ਯੋਗ ਅਗਵਾਈ ਕਰਨੀ, ਗਰੀਬ ਤੇ ਲਾਇਕ ਵਿਦਿਆਰਥੀਆਂ ਦੀ ਮਾਇਕ ਸਹਾਇਤਾ ਕਰਨੀ ਅਤੇ ਇਸਤਰੀ ਵਿਦਿਆ ਵਲ ਵਿਸ਼ੇਸ਼ ਧਿਆਨ ਦੇਣ ਲਈ ਪ੍ਰਚਾਰ ਕਰਨਾ ਇਸ ਐਸੋਸੀਏਸ਼ਨ ਦੇ ਉਦੇਸ਼ਾਂ ਵਿੱਚ ਸ਼ਾਮਿਲ ਸਨ। ਉਸ ਸਮੇਂ ਤੋਂ ਸ. ਅਵਤਾਰ ਸਿੰਘ ਨੂੰ ਐਸੀ ਲਗਨ ਲੱਗੀ ਕਿ ਆਪਣੀ ਪੜ੍ਹਾਈ, ਉਪ੍ਰੰਤ ਆਲਾ ਪਾਏ ਦੀ ਸਰਵਿਸ ਅਤੇ ਪਰਿਵਾਰ ਪ੍ਰਤੀ ਜ਼ਿੰਮੇਵਾਰੀਆਂ ਨੂੰ ਬਾਖੂਬੀ ਨਿਭਾਉਂਦੇ ਹੋਏ ਉਨ੍ਹਾਂ ਬਰਾਦਰੀ ਦੀ ਨਿਸ਼ਕਾਮ ਸੇਵਾ ਪ੍ਰਤੀ ਆਪਣਾ ਸਾਰਾ ਜੀਵਨ ਸਮਰਪਿਤ ਕਰਨ ਲਈ ਸੰਕਲਪ ਲਿਆ ਹੋਇਆ ਸੀ। ਉਸ ਵਕਤ ਕਪੂਰਥਲਾ ਦਾ ਇਹ ਇਲਾਕਾ ਬਰਾਦਰੀ ਦਾ ਗੜ੍ਹ ਮੰਨਿਆ ਜਾਂਦਾ ਸੀ। ਹੌਲੀ ਹੌਲੀ ਅਸੀਂ ਕਪੂਰਥਲਾ ਸ਼ਹਿਰ ਅਤੇ ਜ਼ਿਲ੍ਹੇ ਦੇ ਲੁਬਾਣਾ ਭਾਈਚਾਰੇ ਦੇ ਮੈਂਬਰਾਂ ਨੂੰ ਮਿਲਦੇ ਰਹੇ ਅਤੇ ਇਸ ਸੰਸਥਾ ਦੀ ਮੈਂਬਰਸ਼ਿਪ ਵੱਧਦੀ ਗਈ।

**ਵਿੱਦਿਅਕ ਵਜ਼ੀਫੇ**: ਆਪਣੇ ਉਦੇਸ਼ਾਂ ਨੂੰ ਅਮਲੀ ਰੂਪ ਦੇਣ ਲਈ ਸਕੂਲਾਂ ਦੇ ਲਾਇਕ ਅਤੇ ਯੋਗ ਵਿਦਿਆਰਥੀਆਂ ਨੂੰ ਵਜ਼ੀਫੇ ਦੇਣ ਦੀ ਸਕੀਮ 1953 ਦੇ ਵਿੱਦਿਅਕ ਸੈਸ਼ਨ ਤੋਂ ਹੀ ਸ਼ੁਰੂ ਕਰ ਦਿੱਤੀ ਗਈ। ਜਨਰਲ ਸੈਕਟਰੀ ਦੇ 628 ਜੱਟਪੁਰਾ ਕਪੂਰਥਲਾ ਤੋਂ ਕੱਢੇ ਗਏ ਹੈਂਡ ਬਿਲ ਦੇ ਸਿਰਲੇਖ ਵਜੋਂ ਇਹ ਦੋ ਸਤਰਾਂ ਬੱਚਿਆਂ ਨੂੰ ਸਕੂਲ ਭੇਜਣ ਵਲ ਮਾਪਿਆਂ ਦਾ ਧਿਆਨ ਦਿਵਾਉਣ ਲਈ ਲਿਖੀਆਂ ਗਈਆਂ ਸਨ :-

**ਇਲਮੋ ਬਾਜ ਨਾ ਖਾਲਿਕ ਮਿਲਦਾ ਸੱਚ ਸਿਆਣੇ ਕਹਿੰਦੇ,**
**ਬੇ-ਇਲਮਾਂ ਨੂੰ ਕੋਈ ਨਾ ਪੁੱਛਦਾ ਦਰ ਦਰ ਧੱਕੇ ਪੈਂਦੇ।**

ਭੁਲੱਥ ਅਤੇ ਮੁਕੇਰੀਆਂ ਦੇ ਹਾਈ ਸਕੂਲਾਂ ਵਿੱਚ ਜਾ ਕੇ ਵਿਦਿਆਰਥੀਆਂ ਦੇ ਟੈਸਟ ਲਏ ਗਏ ਅਤੇ ਵਜ਼ੀਫੇ ਦਿੱਤੇ ਗਏ। ਉਨ੍ਹਾਂ ਦਿਨਾਂ ਵਿੱਚ ਇਸ ਮਾਇਕ ਸਹਾਇਤਾ ਦੀ ਰਾਸ਼ੀ ਪ੍ਰਾਇਮਰੀ, ਮਿਡਲ ਅਤੇ ਹਾਈ ਕਲਾਸਾਂ ਲਈ ਕੇਵਲ ਨਾਮ-ਮਾਤਰ ਦੋ, ਤਿੰਨ ਅਤੇ ਚਾਰ ਰੁਪਏ ਦੀ ਹੁੰਦੀ ਸੀ। ਪਰ ਇਸ ਸਕੀਮ ਨੂੰ ਭਰਵਾਂ ਹੁੰਗਾਰਾ ਮਿਲਿਆ ਅਤੇ ਸਿੱਖਿਆ ਦੇ ਪ੍ਰਸਾਰ ਲਈ ਲੋੜੀਂਦਾ ਪ੍ਰਚਾਰ ਹੋਇਆ ਅਤੇ ਇਹ ਸਕੀਮ ਕਈ ਸਾਲ ਚਲਦੀ ਰਹੀ।

**ਮੇਜਰ ਸ਼ਰਮ ਸਿੰਘ ਅਤੇ ਲੁਬਾਣਾ ਸੇਵਕ** : ਮੇਜਰ ਸਾਹਿਬ ਪਿੰਡ ਢਾਮਕੇ ਜ਼ਿਲ੍ਹਾ ਸ਼ੇਖੂਪੁਰ ਦੇ ਉੱਘੇ ਪਰਿਵਾਰ ਦੇ ਜੰਮ-ਪਲ ਸਨ ਜੋ 1923 ਵਿੱਚ 25 ਸਾਲ ਦੀ ਆਯੂ ਹੋਣ ਤੇ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਐਫ.ਏ. ਦਾ ਇਮਤਿਹਾਨ ਪਾਸ ਕਰਕੇ ਫੌਜ ਦੇ ਐਜੂਕੇਸ਼ਨ ਕੋਰ ਵਿੱਚ ਸਿੱਧੇ ਹੌਲਦਾਰ ਭਰਤੀ ਹੋਏ ਅਤੇ ਆਪਣੀ ਮਿਹਨਤ ਅਤੇ ਕਾਬਲੀਅਤ ਸਦਕਾ ਮੇਜਰ ਸਾਹਿਬ ਦੀ ਉੱਚੀ ਪਦਵੀ ਪ੍ਰਾਪਤ ਕੀਤੀ। 1953 ਵਿੱਚ ਸੇਵਾ ਮੁਕਤ ਹੋ ਕੇ ਆਪਣੇ ਮੌਜੂਦਾ ਪਿੰਡ ਜ਼ਹੂਰਾ ਜ਼ਿਲ੍ਹਾ ਹੁਸ਼ਿਆਰਪੁਰ ਆ ਗਏ। ਉਹ ਬਰਾਦਰੀ ਦੇ ਸੱਚੇ ਹਮਦਰਦ ਅਤੇ ਨਿਸ਼ਕਾਮ ਸਮਾਜ ਸੇਵਕ ਇਸ ਦੇ ਸਰਵਪੱਖੀ ਵਿਕਾਸ ਲਈ ਭਾਈਚਾਰੇ ਨੂੰ ਜਥੇਬੰਦ ਕਰਨ ਵਿੱਚ ਲੱਗ ਗਏ। ਉਨ੍ਹਾਂ ਨਾਲ ਪਹਿਲੀ ਮਿਲਣੀ ਉਸੇ ਸਾਲ 1953 ਵਿੱਚ ਮੇਰੇ ਗਰੀਬ ਖਾਨਾ, ਕਪੂਰਥਲਾ ਵਿਖੇ ਇਕ ਮੀਟਿੰਗ ਵਿੱਚ ਹੋਈ ਜਿਥੇ ਬਰਾਦਰੀ ਦੀ ਕੋਈ ਸੰਸਥਾ ਸਥਾਪਿਤ ਕਰਨ ਦਾ ਵਿਚਾਰ ਵਟਾਂਦਰਾ ਹੋਇਆ ਅਤੇ ਇਹ ਸੰਸਥਾ ਲੁਬਾਣਾ ਸੇਵਕ ਸਭਾ ਦੇ ਨਾਮ ਨਾਲ ਟਾਂਡਾ ਉੜ-ਮੁੜ ਵਿਖੇ ਇਕ ਭਾਰੀ ਇਕੱਤਰਤਾ ਵਿੱਚ ਦਸੰਬਰ 1953 ਨੂੰ ਹੋਂਦ ਵਿੱਚ ਆਈ। ਮੇਜਰ ਸਾਹਿਬ ਇਸ ਦੇ ਪ੍ਰਧਾਨ ਥਾਪੇ ਗਏ।

ਲੁਬਾਣਾ ਸਿਖ ਯੰਗਮੈਨ ਐਸੋਸੀਏਸ਼ਨ ਵੱਲੋਂ ਮੇਜਰ ਸਾਹਿਬ ਨੂੰ ਪੂਰਨ ਸਹਿਯੋਗ ਦਾ ਵਿਸ਼ਵਾਸ ਦਿਵਾਇਆ ਗਿਆ। ਇਸ ਸਭਾ ਦੇ ਪ੍ਰਚਾਰ ਲਈ ਇਕ ਮਾਸਿਕ ਪਤ੍ਰਿਕਾ ਲੁਬਾਣਾ ਸੇਵਕ ਦਾ ਆਗਾਜ਼ ਸਤੰਬਰ, 1954 ਵਿੱਚ ਜ਼ਹੂਰਾ ਤੋਂ ਹੋਇਆ। ਇਸ ਦਾ ਰਜਿਸਟਰੇਸ਼ਨ ਨੰ. ਈ.ਪੀ. 278 ਸੀ ਅਤੇ ਇਸ ਦੇ ਮੁੱਖ ਸੰਪਾਦਕ ਮੇਜਰ ਸ਼ਰਮ ਸਿੰਘ ਹੀ ਸਨ।

**ਬੈਕਵਰਡ ਕਲਾਸਿਜ਼ ਕਮਿਸ਼ਨ** : ਮਿਤੀ 2 ਜੁਲਾਈ 1954 ਨੂੰ ਇਸ ਐਸੋਸੀਏਸ਼ਨ ਨੇ ਪੈਪਸੂ ਦੀ ਲੁਬਾਣਾ ਬਰਾਦਰੀ ਦੇ ਇਕ ਡੈਪੂਟੇਸ਼ਨ ਨਾਲ ਬੈਕਵਰਡ ਕਲਾਸਿਜ਼ ਕਮਿਸ਼ਨ ਦੇ ਚੇਅਰਮੈਨ ਕਾਕਾ ਕਲੈਲਕਾਰ ਨੂੰ ਇਕ ਮੈਮੋਰੈਂਡਮ ਦਿੱਤਾ ਅਤੇ ਬਰਾਦਰੀ ਨੂੰ ਬੈਕਵਰਡ ਕਲਾਸਿਜ਼ ਵਿੱਚ ਸ਼ਾਮਿਲ ਕਰਨ ਲਈ ਬੇਨਤੀ ਕੀਤੀ। ਏਥੇ ਹੀ ਗਿਆਨੀ ਭਗਤ ਸਿੰਘ (ਐਡਵੋਕੇਟ) ਜ਼ਿਲ੍ਹਾ ਭਲਾਈ ਅਫਸਰ ਪਹਿਲੀ ਵਾਰ ਮਿਲੇ ਜਿਸ ਦੇ ਰਾਹੀਂ ਭਾਈਚਾਰੇ ਵਿੱਚ ਜਾਣ-ਪਹਿਚਾਨ ਵਿੱਚ ਹੋਰ ਵਾਧਾ ਹੋਇਆ।

# ਆਇਆ ਲੋਹੜੀ ਦਾ ਤਿਉਹਾਰ, ਲੈ ਕੇ ਖੁਸ਼ੀਆਂ, ਸਧਰਾਂ, ਪਿਆਰ

**ਬਲਵਿੰਦਰ ਬਾਲਮ**

ਛੋਟੀਆਂ-ਛੋਟੀਆਂ ਖੁਸ਼ੀਆਂ ਦਾ ਸੰਗ੍ਰਹਿ ਹੀ ਜ਼ਿੰਦਗੀ ਹੈ। ਖੁਸ਼ੀਆਂ ਦਾ ਪੂਰਾ ਅੰਬਰ ਕਿਸੇ ਕੋਲ ਨਹੀਂ ਹੈ ਕਿ ਮਨੁੱਖ ਜਦੋਂ ਮਰਜ਼ੀ ਚਾਹੇ ਖੁਸ਼ੀ ਦਾ ਤਾਰਾ ਤੋੜ ਕੇ ਜ਼ਿੰਦਗੀ ਨੂੰ ਸ਼ਿੰਗਾਰ ਲਵੇ। ਮਨੁੱਖ ਨੇ ਮੌਸਮਾਂ, ਦਿਨਾਂ, ਵਾਤਾਵਰਣ, ਰੀਤੀ-ਰਿਵਾਜ਼, ਰਿਸ਼ਤਿਆਂਨਾਤਿਆਂ, ਸਬੰਧਾਂ, ਮੁਹੱਬਤ, ਪ੍ਰੇਮ, ਮੋਹ, ਲਗਾਵ ਅਤੇ ਪਰੰਪਰਾਵਾਂ ਆਦਿ ਨੂੰ ਮੱਦੇਨਜ਼ਰ ਰੱਖਦੇ ਹੋਏ ਖੁਸ਼ੀਆਂ, ਸਧਰਾਂ, ਚਾਵਾਂ, ਖੇੜਿਆਂ ਆਦਿ ਨੂੰ ਲੱਭਣ ਲਈ ਮੇਲਿਆਂ, ਤਿਉਹਾਰਾਂ ਨੂੰ ਹੋਂਦ ਵਿਚ ਲਿਆਂਦਾ ਹੈ। ਦੋਸਤੋ, ਅਗਰ ਮਨੁੱਖ ਦੀ ਜ਼ਿੰਦਗੀ ਵਿਚੋਂ ਮੇਲਿਆਂ, ਤਿਉਹਾਰਾਂ ਦੇ ਮਹੱਤਵਪੂਰਨ ਨੂੰ ਦਿਨਾਂ ਤੋਂ ਮਨਫੀ ਕਰ ਦਿੱਤਾ ਜਾਵੇ ਤਾਂ ਸਾਰੀ ਜ਼ਿੰਦਗੀ ਨੀਰਸ ਜਿਹੀ, ਫਿਕੀ ਜਿਹੀ ਤੇ ਬੇਸੁਆਦੀ ਜਿਹੀ ਹੋ ਕੇ ਰਹਿ ਜਾਏ। ਮਨੁੱਖ ਦੀ ਜ਼ਿੰਦਗੀ ਵਿਚ ਖੂਬਸੂਰਤੀਆਂ, ਜੀਣ ਦੀ ਨਵੀਂ ਉਮੰਗ, ਇਕ ਲਲਕ, ਇਕ ਇੱਛਾ ਪੈਦਾ ਕਰਦੇ ਨੇ ਮੇਲੇ ਤੇ ਤਿਉਹਾਰ।

ਲੋਹੜੀ ਸ਼ਬਦ 'ਲੋਹੀ' ਤੋਂ ਬਣਿਆ ਹੈ ਜਿਸ ਦਾ ਮਤਲਬ ਹੈ ਮੀਂਹ ਪੈਣਾ, ਫਸਲਾਂ ਦਾ ਫੁੱਟਣਾ। ਇਕ ਕਹਾਵਤ ਹੈ "ਮੀਂਹ ਵਸੇ ਲੋਹੀ ਇਕੋ ਜਿਹੀ ਹੋਈ"। ਇਕ ਹੋਰ ਕਹਾਵਤ ਲੋਹੜੀ ਦੇ ਅਰਥ ਖੋਲ੍ਹਦੀ ਹੈ "ਜੇ ਮੀਂਹ ਨਾ ਪਵੇ ਲੋਹੜੀ ਤਾਂ ਹਾੜ੍ਹੀ ਲਗੂ ਕੋਹੜੀ" ਭਾਵ ਕਿ ਜਦੋਂ ਲੋਹੜੀ ਦੇ ਮੌਕੇ ਤੇ ਮੀਂਹ ਨਾ ਪਵੇ ਤਾਂ ਖੇਤੀ ਦਾ ਨੁਕਸਾਨ ਹੁੰਦਾ ਹੈ।



ਪਰੰਪਰਾ ਦੇ ਗੁਲਸ਼ਨ 'ਚੋਂ ਹੀ ਜਨਮ ਲੈਂਦਾ ਹੈ 'ਲੋਹੜੀ' ਦਾ ਪਵਿੱਤਰ ਤਿਉਹਾਰ। ਇਹ ਤਿਉਹਾਰ ਮੌਸਮ ਦੀ ਤਬਦੀਲੀ, ਫਸਲਾਂ ਦੀ ਪੁੰਗਰਨ ਅਤੇ ਕਈ ਇਤਿਹਾਸਕ ਤੇ ਮਿਤਿਹਾਸਕ ਦੰਦ ਕਥਾਵਾਂ ਨਾਲ ਜੁੜਿਆ ਹੋਇਆ ਹੈ। ਮੁੱਖ ਤੌਰ 'ਤੇ ਭਾਰਤ ਦਾ ਪ੍ਰਸਿੱਧ ਪੰਜਾਬ ਰਾਜ ਖੇਤੀਬਾੜੀ ਪ੍ਰਧਾਨ ਰਾਜ ਹੈ। ਇਸ ਕਰਕੇ ਕਿਸਾਨਾਂ, ਜ਼ਿਮੀਦਾਰਾਂ ਤੇ ਮਜ਼ਦੂਰਾਂ ਦੀ ਮਿਹਨਤ ਨਾਲ ਮੇਲ ਖਾਂਦਾ ਹੋਇਆ ਲੋਹੜੀ ਦਾ ਤਿਉਹਾਰ ਖੁਸ਼ੀਆਂ, ਰੀਝਾਂ ਨੂੰ ਸਰਦੀ ਦੀ ਸਵਾਨ ਰੁੱਤ ਵਿਚ ਕੀਰਤੀਮਾਨ ਕਰਦਾ ਹੈ। ਲੋਹੜੀ ਸਭ ਮਜ਼ਹਮਾਂ, ਧਰਮਾਂ ਲਈ ਏਕਤਾ ਦਾ ਪ੍ਰਤੀਕ, ਪਿਆਰ, ਮੁਹੱਬਤ, ਸਾਂਝੀਵਾਲਤਾ, ਮਿਲਵਰਤਨ, ਸਦਭਾਵਨਾ, ਰਿਸ਼ਤਿਆਂ ਦੀ ਮਿਠਾਸ ਵਾਲਾ ਤੇ ਸੱਭਿਆਚਾਰ ਦਾ ਇਕ ਸੁੰਦਰ ਉਪਹਾਰ ਹੈ।

ਲੋਹੜੀ ਮਾਘ ਮਹੀਨੇ ਦੀ ਸੰਗਰਾਂਦ ਤੋਂ ਪਹਿਲੀ ਰਾਤ ਨੂੰ ਮਨਾਈ ਜਾਂਦੀ ਹੈ। ਕਿਸਾਨ ਹਾੜ੍ਹੀ ਦੀਆਂ ਫਸਲਾਂ ਬੀਜ ਕੇ ਵਿਹਲਾ ਹੋ ਚੁਕਿਆ ਹੁੰਦਾ ਹੈ ਤੇ ਇਸ ਤਿਉਹਾਰ ਨੂੰ ਚਾਵਾਂ, ਸਧਰਾਂ ਨਾਲ ਮਨਾਉਂਦਾ ਹੈ ਜਿਸ ਘਰ ਵਿਚ ਲੜਕਾ ਹੋ ਜੰਮਿਆਂ ਹੋਵੇ ਉਸ ਦੀ ਸ਼ਗਨਾਂ ਨਾਲ, ਖੁਸ਼ੀਆਂ ਨਾਲ ਲੋਹੜੀ ਪਾਈ ਜਾਂਦੀ। ਬੈਂਡ-ਵਾਜੇ ਵਜਾਏ ਜਾਂਦੇ ਹਨ। ਬਾਜ਼ੀਗਰਨਾ, ਗਲੋਲਨੀਆਂ ਅਤੇ ਭੰਡ ਰਿਸ਼ਤਿਆਂ, ਨਾਤਿਆਂ ਦੇ ਗੀਤ ਅਤੇ ਟੱਪੇ ਆਦਿ ਸੁਣਾ ਕੇ ਹਾਸ ਵਿਅੰਗ ਦੇ ਮਖੌਲ-ਗਾਇਨ ਸੁਣਾ ਕੇ ਆਪਣੀ ਬਣਦੀ ਲੋਹੜੀ (ਵਧਾਈ) ਬਟੋਰ ਕੇ ਲੈ ਜਾਂਦੇ ਹਨ। ਇਸ ਦਿਨ ਹਰ ਘਰ ਵਿਚ ਮੂੰਗਫਲੀ, ਰਿਉੜੀਆਂ, ਚਿੜਵੜੇ, ਗਚਕ, ਭੁੱਗਾ, ਤਿੱਲਚੌਲੀ, ਮੱਕੀ ਦੇ ਫੁੱਲੇ, ਭੁੱਜੇ ਦਾਣੇ, ਗੁੜ, ਫੁੱਲ ਆਦਿ ਲੋਹੜੀ ਵੰਡਣ ਲਈ ਰੱਖੇ ਜਾਂਦੇ ਹਨ। ਗੰਨੇ ਦੀ ਰਹੁ (ਰਸ) ਦੀ ਖੀਰ ਬਣਾਈ ਜਾਂਦੀ ਹੈ। ਦਹੀ ਦੇ ਨਾਲ ਇਸਦਾ ਆਪਣਾ ਹੀ ਸੁਆਦ ਹੁੰਦਾ ਹੈ। ਜਿਸ ਨਵ-ਜੰਮੇ ਬੱਚੇ ਦੀ ਲੋਹੜੀ ਪਾਈ ਜਾਂਦੀ ਹੈ। ਦਾਦਕੇ, ਨਾਨਕੇ, ਰਿਸ਼ਤੇਦਾਰ ਉਸ ਲਈ ਸੁੰਦਰ ਕੱਪੜੇ, ਖਿਡਾਉਣੇ ਅਤੇ ਜੇਵਰਾਤ ਆਦਿ ਬਣਾ ਕੇ ਆਪਣੀ ਖੁਸ਼ੀ ਦਾ ਪ੍ਰਗਟਾਵਾ ਕਰਦੇ ਹਨ। ਖਾਸ ਕਰਕੇ ਬੱਚੇ ਨੂੰ ਸੋਨੇ ਦਾ ਕੜਾ ਪਾਉਣਾ ਸ਼ੁੱਭ ਸਮਝਿਆ ਜਾਂਦਾ ਹੈ।

ਅੱਜ ਕੱਲ੍ਹ ਲੜਕੀਆਂ ਦੇ ਜੰਮਨ ਦੀ ਖੁਸ਼ੀ ਵੀ ਓਨੇ ਹੀ ਪ੍ਰੇਮ ਅਤੇ ਸਧਰਾਂ, ਚਾਵਾਂ ਨਾਲ ਮਨਾਈ ਜਾਂਦੀ ਹੈ। ਵਿਕਸਿਤ ਅਤੇ ਉੱਨਤ ਪਰਿਵਾਰਾਂ ਵਿਚ ਲੜਕੀਆਂ ਦੀ ਵੀ ਲੋਹੜੀ ਪਾਈ ਜਾਂਦੀ ਅਤੇ ਲੜਕੇ ਨਾਲੋਂ ਵੱਧ ਚਾਅ, ਖੁਸ਼ੀਆਂ ਲੜਕੀ ਦੀ ਲੋਹੜੀ 'ਤੇ ਕਰਦੇ ਹਨ। ਜਿਸ ਲੜਕੀ ਦੀ ਲੋਹੜੀ ਪਾਈ ਜਾਵੇ, ਰਿਸ਼ਤੇਦਾਰ ਉਸਨੂੰ ਗਹਿਣੇ ਅਤੇ ਖਾਸ ਕਰਕੇ ਪੈਰਾਂ ਦੀਆਂ ਝਾਂਜਰਾਂ ਦੇਣਾ ਸ਼ੁੱਭ ਸ਼ਗਨ ਸਮਝਦੇ ਹਨ। ਇਸ ਦਿਨ ਘਰਾਂ ਦੇ ਵਿਹੜਿਆਂ ਵਿਚ, ਸੰਸਥਾਵਾਂ ਵਿਚ, ਸੱਥਾਂ, ਮੁਹੱਲਿਆਂ, ਬਜ਼ਾਰਾਂ ਆਦਿ ਵਿਚ ਲੰਬੀਆਂ ਲਕੜਾ ਦੇ ਢੇਰ ਬਣਾ ਕੇ ਜਾਂ ਗੋਹੇ ਦੀਆਂ ਪਾਥੀਆਂ ਅਤੇ ਟੱਕਲਿਆਂ ਦਾ ਢੇਰ ਬਣਾ ਕੇ ਉਸ ਦੀ ਅਗਨੀ ਦੇ ਸੇਕ ਦਾ ਲੁਤਫ ਲਿਆ ਜਾਂਦਾ ਹੈ। ਚਾਰ-ਚੁਫੇਰੇ ਪਸਰੀ ਠੰਢ ਅਤੇ ਰੂੰ ਵਾਂਗ ਫੈਲੀ ਧੁੰਦ ਵਿਚ ਸੇਕ ਦਾ ਆਪਣਾ ਹੀ ਆਨੰਦ ਹੁੰਦਾ ਹੈ। ਇਸ ਅਗਨੀ ਵਿਚ ਤਿਲ ਆਦਿ ਸੁੱਟਦੇ ਹਨ। ਘਰਾਂ ਵਿੱਚ ਸਾਰੇ ਦਾ ਸਾਰਾ ਪਰਿਵਾਰ ਬੈਠ ਕੇ ਖੁਸ਼ੀ ਦੀ ਅਭਿਵਿਅਕਤੀ ਲਈ ਗੀਤ, ਟੱਪੇ ਗਾਉਂਦੇ ਹਨ। ਦੇਰ ਰਾਤ ਤੱਕ ਢੋਲਕੀ ਦੀ ਆਵਾਜ਼, ਢੋਲ ਦੇ ਫੜਕਦੇ ਤਾਲ, ਗਿੱਧੇ ਦੀ ਧਮਕ ਅਤੇ ਗੀਤਾਂ ਦੀ ਲੈ ਸੁਣਾਈ ਦਿੰਦੀ ਰਹਿੰਦੀ ਹੈ। ਰਿਸ਼ਤਿਆਂ ਦੀ ਖੁਸ਼ਬੂਅ, ਮੋਹ, ਮਮਤਾ ਅਤੇ ਪਿਆਰ ਦਾ ਨਜ਼ਾਰਾ ਚਹੁੰ ਪਾਸੇ ਪਸਰਿਆ ਨਜ਼ਰ ਆਉਂਦਾ ਹੈ। ਇਕ ਸੰਪੂਰਨ ਖੁਸ਼ੀ ਦਾ ਆਲਮ।

ਲੋਹੜੀ ਦੇ ਤਿਉਹਾਰ ਨਾਲ ਕਈ ਕਥਾਵਾਂ ਪ੍ਰਚਲਿਤ ਹਨ। ਦੱਸਿਆ ਜਾਂਦਾ ਹੈ ਕਿ ਦੁੱਲਾ ਭੱਟੀ ਇਕ ਅਣਖੀ ਸੂਰਮਾ ਹੋਇਆ ਹੈ। ਉਹ ਜ਼ਾਲਮਾਂ,

ਬੇਇਮਾਨਾਂ ਅਤੇ ਧੋਖੇਬਾਜ਼ ਲੋਕਾਂ ਨੂੰ ਹੀ ਲੁੱਟਦਾ ਸੀ। ਦੀਨ-ਦੁਖੀਆਂ, ਬੇ-ਸਹਾਰਿਆਂ, ਲੋੜਵੰਦਾਂ ਅਤੇ ਗਰੀਬਾਂ ਦੀ ਖੁੱਲ੍ਹ ਕੇ ਮਦਦ ਕਰਦਾ ਹੈ। ਇਕ ਗਰੀਬ ਬ੍ਰਾਹਮਣ ਦੀਆਂ ਦੋ ਧੀਆਂ ਸੁੰਦਰੀ ਅਤੇ ਮੁੰਦਰੀ ਸਨ। ਉਹ ਉਨ੍ਹਾਂ ਦਾ ਵਿਆਹ ਨਹੀਂ ਸੀ ਕਰ ਸਕਦਾ। ਦੁੱਲੇ ਭੱਟੀ ਨੇ ਉਨ੍ਹਾਂ ਗਰੀਬ ਲੜਕੀਆਂ ਦੀ ਸ਼ਾਦੀ ਕਰਵਾਈ ਅਤੇ ਮੌਕੇ 'ਤੇ ਉਸ ਕੋਲ ਜੋ ਬਣਦਾ-ਸਰਦਾ ਸੀ ਉਨ੍ਹਾਂ ਲੜਕੀਆਂ ਦੀ ਝੋਲੀ ਵਿਚ ਪਾਇਆ। ਸੁੰਦਰੀ-ਮੁੰਦਰੀ ਦੀ ਸ਼ਾਦੀ, ਰਾਤ ਤੇ ਸਮੇਂ ਲੱਕੜਾਂ ਦੀ ਅੱਗ ਬਾਲ ਕੇ ਉਨ੍ਹਾਂ ਦੇ ਆਲੇ-ਦੁਆਲੇ ਫੇਰੇ ਕਰਵਾਏ ਤੇ ਇਕ ਬਾਪ ਦੇ ਫਰਜ਼ ਨਿਭਾਉਂਦੇ ਹੋਏ ਦੁੱਲਾ ਭੱਟੀ ਨੇ ਉਨ੍ਹਾਂ ਦੀ ਦੋਹਾਂ ਦੀ ਝੋਲੀ ਵਿੱਚ ਸ਼ੱਕਰ ਪਾਈ। ਇਸ ਸਬੰਧ ਵਿਚ ਅੱਜ ਵੀ ਇਕ ਗੀਤ ਪ੍ਰਚਲਿਤ ਹੈ। ਸੁੰਦਰ ਮੁੰਦਰੀਏ ਹੋ ਤੇਰਾ ਕੌਣ ਵਿਚਾਰਾ ਹੋ, ਦੁੱਲਾ ਭੱਟੀ ਵਾਲਾ, ਹੋ ਦੁੱਲੇ ਨੇ ਧੀ ਵਿਆਹੀ ਹੋ, ਸ਼ੇਰ ਸ਼ੱਕਰ ਪਾਈ ਹੋ, ਕੁੜੀ ਦੇ ਬੋਝੇ ਪਾਈ, ਹੋ ਕੁੜੀ ਦਾ ਲਾਲ ਪਟਾਕਾ ਹੋ, ਕੁੜੀ ਦਾ ਸ਼ਾਲੂ ਪਾਟਾ, ਹੋ, ਸ਼ਾਲੂ ਕੌਣ ਸਮੇਟੇ, ਹੋ, ਚਾਚਾ ਗਾਲੀ ਦੇਸੇ, ਹੋ, ਚਾਚੇ ਚੂਰੀ ਕੁੱਟੀ ਹੈ, ਜ਼ਿਮੀਦਾਰਾਂ ਲੁਟੀ, ਹੋ ਜ਼ਿਮੀਦਾਰ ਸਦਾਓ ਹੋ, ਗਿਣ-ਗਿਣ ਪੋਲੇ ਲਾਉ, ਇਕ ਪੋਲਾ ਘਸ ਗਿਆ, ਜ਼ਿਮੀਦਾਰ ਵਹੁਟੀ ਲੈ ਕੇ ਨਸ ਗਿਆ, ਹੋ, ਹੋ, ਹੋ, ਹੋ, ਹੋ, ਹੋ, ਹੋ।

ਲੋਹੜੀ ਵਾਲੇ ਦਿਨ ਬਜ਼ੁਰਗ ਲੋਕ ਸੁੰਦਰੀ-ਮੁੰਦਰੀ ਦੀ ਕਥਾ ਵੀ ਸੁਣਾਉਂਦੇ ਹਨ ਕਿ ਕਿਸ ਤਰ੍ਹਾਂ ਦੁੱਲੇ ਭੱਟੀ ਸੂਰਮੇ ਨੇ ਗਰੀਬ ਲੜਕੀਆਂ ਦਾ ਵਿਆਹ ਕਰਕੇ ਆਪਣਾ ਧਰਮ ਨਿਭਾਇਆ। ਲੋਹੜੀ ਦੇ ਕਈ ਪਰੰਪਰਾਵਾਦੀ ਗੀਤ ਪ੍ਰਚਲਿਤ ਹਨ ਜਿਵੇਂ :-

ਲੋਹੜੀ ਬਣੀ ਲੋਹੜੀ, ਦਿਉ ਗੁੜ ਦੀ ਰੋੜੀ, ਵਈ ਰੋੜੀ, ਕਲਮਦਾਨ ਵਿਚ ਘਿਓ, ਜੀਵੇ ਮੁੰਡੇ ਦਾ ਪਿਉ, ਕਲਮਦਾਨ ਵਿਚ ਕਾਂ, ਜੀਵੇ, ਮੁੰਡੇ ਦੀ ਮਾਂ, ਕਲਮਦਾਨ ਵਿਚ ਕਾਨਾ, ਜੀਵੇ ਮੁੰਡੇ ਦਾ ਨਾਨਾ, ਕਲਮਦਾਨ ਵਿਚ ਕਾਨੀ, ਜੀਵੇ ਮੁੰਡੇ ਦੀ ਨਾਨੀ।

ਲੜਕੇ-ਲੜਕੀਆਂ ਵੀ ਇਸ ਦਿਨ ਲੋਹੜੀ ਮੰਗਦੇ ਹਨ। ਟੋਲੀਆਂ ਬਣਾ ਕੇ ਲੋਹੜੀ ਮੰਗਣ ਦਾ ਆਪਣਾ ਹੀ ਇਕ ਮਜ਼ਾ ਹੈ। ਭਾਵੇਂ ਲੋਹੜੀ ਦੇ ਗੀਤ ਅਲੋਪ ਹੁੰਦੇ ਜਾ ਰਹੇ ਹਨ ਪਰ ਪੁਰਾਣੇ ਬਜ਼ੁਰਗਾਂ ਨੂੰ ਅਜੇ ਵੀ ਇਹ ਗੀਤ ਜ਼ੁਬਾਨੀ ਯਾਦ ਹਨ।

ਜਿਵੇਂ-ਕੋਠੀ ਹੇਠ ਚਾਕੂ, ਗੁੜ ਦੇਵੇ, ਮੁੰਡੇ ਦਾ ਬਾਪੂ, ਕੋਠੀ ਉਤੇ ਕਾਂ, ਗੁੜ ਦੇਵੇ ਮੁੰਡੇ ਦੀ ਮਾਂ। ਨਵ-ਵਿਆਹੁਤਾ ਜੋੜੇ ਲਈ ਲੋਹੜੀ ਦੇ ਗੀਤ ਬੋਲ ਕੇ ਲੋਹੜੀ ਮੰਗੀ ਜਾਂਦੀ ਹੈ ਜਿਵੇਂ ਟਾਂਡਾ-ਟਾਂਡਾ ਨੀਂ ਲਕੜੀਓ ਟਾਂਡਾ ਸੀ, ਇਸ ਟਾਂਡੇ ਨਾਲ ਕਲੀਰਾ ਸੀ, ਜੁੱਗ ਜੀਵੇ ਨੀਂ ਬੀਬੀ ਤੇਰਾ ਵੀਰਾ ਸੀ, ਇਸ ਵੀਰੇ ਦੀ ਵੇਲ੍ਹ ਵਧਾਈ ਸੀ, ਘਰ ਚੂੜੇ ਤੇ ਬੀੜ੍ਹੇ ਵਾਲੀ ਆਈ ਸੀ, ਚੂੜਾ ਬੀੜਾ ਵਜੇ ਨੀਂ, ਸ਼ਰੀਕਣੀਆਂ ਨੂੰ ਸੱਦੇ ਨੀਂ, ਸ਼ਰੀਕਣੀਆਂ ਮਾਰੇ ਬੋਲ, ਤੇਰਾ ਨਿੱਕਾ ਜੀਵੇ, ਤੇਰਾ ਵੱਡਾ ਜੀਵੇ, ਵੱਡ ਵਡੇਰਾ ਜੀਵੇ, ਗੁੜ ਦੀ ਰੋੜੀ ਜੀਵੇ, ਭਾਈਆਂ ਦੀ ਜੋੜੀ ਜੀਵੇ।

ਘਰ ਵਾਲੇ ਜਲਦੀ ਵਧਾਈ ਨਾ ਦੇਣ ਤਾਂ ਕੁੜੀਆਂ ਇਹ ਗੀਤ ਬੋਲਦੀ ਹਨ ਸਾਡੇ ਪੈਰਾਂ ਹੇਠ ਰੋੜ, ਸਾਨੂੰ ਛੇਤੀ ਛੇਤੀ ਤੋਰ, ਸਾਡੇ ਪੈਰਾਂ ਹੇਠ ਦਹੀਂ, ਅਸੀਂ ਹਿਲਣਾ ਵੀ ਨਹੀਂ, ਸਾਡੇ ਪੈਰਾਂ ਹੇਠ ਪਰਾਤ, ਸਾਨੂੰ ਉਤੋਂ ਪੈ ਗਈ ਰਾਤ। ਮੁੰਡੇ ਜੰਮਣ ਤੇ ਕੁੜੀਆਂ ਹਾਸੇ ਮਜ਼ਾਕ ਵਿਚ ਉਸ ਦੇ ਪਰਿਵਾਰ ਨੂੰ ਇਸ ਗੀਤ ਨਾਲ ਸੰਬੋਧਨ ਕਰਦੀਆਂ ਹਨ। ਗੀਗਾ ਤੱਕੜੀ ਦਾ ਛਾਬਾ, ਵੇ ਲੜਾਕਾ ਤੇਰਾ ਬਾਬਾ, ਗੀਗਾ ਤੱਤਾ-ਤੱਤਾ ਘਿਉ ਵੇ ਲੜਾਕਾ ਤੇਰਾ ਪਿਓ, ਗੀਗਾ ਗੋਰੀ ਗੋਰੀ ਗਾਂ ਵੇ ਲੜਾਕੀ ਤੇਰੀ ਮਾਂ। ਇਸ ਤਰ੍ਹਾਂ ਕੁਝ ਹੋਰ ਗੀਤ ਜਿਵੇਂ-ਕੁਪੀਏ ਨੀਂ ਕੁਪੀਏ, ਅਸਮਾਨ ਤੇ ਲੁਟੀਏ, ਅਸਮਾਨ ਪੁਰਾਣਾ, ਛਿੱਕ ਬੰਨ੍ਹ ਤਾਣਾ, ਲੰਗਰੀ 'ਚ ਦਾਲ, ਮਾਰ ਮੱਥੇ ਨਾਲ, ਮੱਥਾ ਤੇਰਾ ਵੱਡਾ ਲਿਆ ਲਕੜੀਆਂ ਦਾ ਗੱਡਾ, ਲੋਹੜੀ ਵਾਲੇ ਦਿਨ ਮੁੰਡੇ ਸਵਾਗ ਬਣਕੇ ਨੱਚਦੇ-ਨੱਚਦੇ ਵੀ ਲੋਹੜੀ (ਵਧਾਈ) ਮੰਗਦੇ ਹਨ।

ਲੋਹੜੀ ਤੇ ਦੂਸਰੇ ਦਿਨ ਮਾਘੀ ਦਾ ਤਿਉਹਾਰ ਮਨਾਇਆ ਜਾਂਦਾ ਹੈ। ਪੋਹ ਦੇ ਮਹੀਨੇ ਕਾਫੀ ਠੰਢ ਪੈਂਦੀ ਹੈ। ਇਸ ਮਹੀਨੇ ਵਿਚ ਵਿਆਹ ਨਹੀਂ ਕੀਤੇ ਜਾਂਦੇ। ਮਾਘ ਦੇ ਮਹੀਨੇ ਵਿਚ ਸਰਦੀ ਤਾਂ ਹੁੰਦੀ ਹੈ ਪਰ ਵਿਆਹ ਜ਼ਿਆਦਾ ਇਸ ਮਹੀਨੇ ਹੀ ਕੀਤੇ ਜਾਂਦੇ ਹਨ। ਇਸ ਮਹੀਨੇ ਹੀ ਪੁੰਨਦਾਨ ਕਰਨਾ, ਖਾਸ ਕਰਕੇ ਲੜਕੀਆਂ ਦੀ ਸ਼ਾਦੀ ਕਰਨਾ ਉਚਿਤ ਸਮਝਿਆ ਜਾਂਦਾ ਹੈ। ਗ੍ਰਹਿ ਅਤੇ ਨਸ਼ੱਤਰਾਂ ਦੇ ਹਿਸਾਬ ਨਾਲ ਮਾਘ ਦਾ ਮਹੀਨਾ ਮੰਗਣੀਆਂ, ਮੁਕਲਾਵੇ, ਸ਼ਗਨ ਆਦਿ ਲਈ ਸ਼ੁੱਭ ਸਮਝਿਆ ਜਾਂਦਾ ਹੈ। ਇਸ ਮਹੀਨੇ ਵਿਚ ਨੌਜਵਾਨ ਨੂੰ ਸੰਤੁਲਤ ਖੁਰਾਕ ਖਾਣੀ ਚਾਹੀਦੀ ਹੈ ਜੋ ਫਾਇਦੇਮੰਦ ਹੁੰਦੀ ਹੈ। ਰਜ਼ਾਈ ਦਾ ਨਿਘ, ਗੰਨੇ ਦਾ ਰਸ, ਮੂਲੀਆਂ, ਗਾਜਰਾਂ ਆਦਿ ਖਾਣ ਦਾ ਮਜ਼ਾ ਹੀ ਇਸ ਮਹੀਨੇ ਹੁੰਦਾ ਹੈ। ਪਹੁ ਫੁਟਾਲੇ ਉੱਠ ਕੇ ਬਾਜਰੇ ਦੀ ਖਿਚੜੀ, ਸਰ੍ਹੋਂ ਦਾ ਸਾਗ, ਜਵਾਰ ਦੀ ਰੋਟੀ ਅਤੇ ਮੱਖਣ ਆਦਿ ਖਾਣ ਦਾ ਆਪਣਾ ਸੁਆਦ ਹੁੰਦਾ ਹੈ ਤੇ ਮਾਘੀ ਦਾ ਮੇਲਾ ਪੰਜਾਬ ਵਿਚ ਅਨੇਕਾਂ ਥਾਵਾਂ 'ਤੇ ਬੜੀ ਧੂੰਮ-ਧਾਮ ਨਾਲ ਮਨਾਇਆ ਜਾਂਦਾ ਹੈ। ਖਾਸ ਕਰਕੇ ਮਾਘੀ ਦਾ ਤਿਉਹਾਰ ਮੁਕਤਸਰ ਵਿਖੇ ਵੱਡੇ ਪੱਧਰ ਤੇ ਮਨਾਇਆ ਜਾਂਦਾ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵੀ ਆਪਣੀ ਬਾਣੀ ਬਾਰਹ ਮਾਹਾ ਵਿਚ ਵੀ ਮਾਘ ਮਹੀਨੇ ਦੀ ਇੰਜ ਉਸਤਤ ਕੀਤੀ ਹੈ। ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨ । ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨ। ਕਾਮਿ ਕਰੋਧਿ ਨਾ ਮੋਹੀਐ ਬਿਨਸੈ ਲੋਭੁ ਸੁਆਨੁ। ਸਚੇ ਮਾਰਗਿ ਚਲਦਿਆਂ ਉਸਤਤਿ ਕਰੇ ਜਹਾਨ । ਅਠਸਿਠ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ। ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ। ਜਿਨਾ ਮਿਲਿਆ ਪ੍ਰਭੂ ਆਪਣਾ ਨਾਨਕ ਤਿਨ ਕੁਰਬਾਨੁ । ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ।

ਸ੍ਰੀ ਕ੍ਰਿਸ਼ਨ ਭਗਵਾਨ ਨੇ ਵੀ ਗੀਤੇ ਦੇ ਅੱਠਵੇਂ ਅਧਿਆਇ ਵਿਚ ਵੀ ਮਾਘ ਮਹੀਨੇ ਦੀ ਉਸਤਤ ਕੀਤੀ ਹੈ। ਦੁਨੀਆਂ ਦੇ ਸਭ ਤੋਂ ਵੱਡੇ ਮੰਨੇ ਜਾਂਦੇ ਧਾਰਮਿਕ ਸਥਾਨ ਪ੍ਰਯਾਗ ਤੀਰਥ ਵਿਖੇ ਸਾਧੂ ਮਹਾਤਮਾ ਲੋਕ ਇਥੇ ਪ੍ਰਕਲਪ ਕਰਦੇ ਹਨ। ਭਾਵ ਕਿ ਇਕ ਮਹੀਨੇ ਤੱਕ ਸਾਧਨਾ ਕਰਦੇ ਹਨ। ਮਾਘ ਮਹੀਨੇ ਤੋਂ ਅਗਲੇ 6 ਮਹੀਨੇ ਤੱਕ ਸਾਧੂ ਮਹਾਤਮਾ ਲੋਕ ਜੋ ਤਪੱਸਿਆ ਕਰਦੇ ਹਨ, ਉਸ ਨੂੰ ਉਤਰਾਇਨਮ ਕਹਿੰਦੇ ਹਨ।

ਲੋਹੜੀ ਦਾ ਤਿਉਹਾਰ ਭਾਰਤ ਵਿਚ ਹੀ ਨਹੀਂ ਵਿਦੇਸ਼ਾਂ ਵਿਚ ਬੈਠੇ ਪੰਜਾਬੀ ਵੀ ਧੂੰਮ-ਧਾਮ ਨਾਲ ਤੇ ਸ਼ਰਧਾ ਨਾਲ ਮਨਾਉਂਦੇ ਹਨ। ਸ਼ਾਲਾ! ਲੋਹੜੀ ਭਾਰਤ ਨੂੰ ਖੁਸ਼ੀਆਂ, ਸ਼ਾਂਤੀ, ਤਰੱਕੀ, ਭਾਈਚਾਰਾ, ਸਦਭਾਵਨਾ ਅਤੇ ਵੱਖ-ਵੱਖ ਧਰਮਾਂ ਦੇ ਖਿੜਦੇ ਤਾਰਿਆਂ ਨੂੰ ਇਕ ਮਾਨਵਤਾ ਦੇ ਅੰਬਰ ਦੇ ਧਾਗੇ ਵਿਚ ਭਰੋਕੇ ਰੱਖੇ। ਜਿਸ ਤੋਂ ਸਾਂਝੀਵਾਲਤਾ ਦੇ ਰਿਸ਼ਤੇ ਦੀ ਖੁਸ਼ਬੂਅ ਹਮੇਸ਼ਾ-ਹਮੇਸ਼ਾ ਆਉਂਦੀ ਰਹੇ।

**ਉਂਕਾਰ ਨਗਰ ਗੁਰਦਾਸਪੁਰ।**
**ਮੋਬਾਇਲ** -98156-25404

# ਪੱਛੜੀਆਂ ਸ਼੍ਰੇਣੀਆਂ ਦਾ ਰਾਖਵਾਂਕਰਨ - ਅਤੀਤ ਤੇ ਵਰਤਮਾਨ




**ਸੁਰਿੰਦਰ ਸਿੰਘ ਰੂਬੀ**
**ਆਬਕਾਰੀ ਤੇ ਕਰ ਅਫ਼ਸਰ**
**(ਸੇਵਾ ਮੁਕਤ)**
**ਸਹਿ-ਸੰਪਾਦਕ**
**98141-28181**




ਦੇਸ਼ ਆਜ਼ਾਦ ਹੋਣ ਤੋਂ ਬਾਅਦ ਭਾਰਤੀ ਸੰਵਿਧਾਨ ਦੇ ਲਾਗੂ ਹੋਣ ਉਪਰੰਤ ਸੰਵਿਧਾਨ ਦੀ ਧਾਰਾ 340 ਅਧੀਨ ਦੇਸ਼ ਵਿਚ ਹੋਰ ਪੱਛੜੀਆਂ ਸ਼੍ਰੇਣੀਆਂ, ਜੋ ਕਿ ਸਮਾਜਿਕ ਅਤੇ ਵਿਦਿਅਕ ਤੌਰ ਤੇ ਪਛੜੀਆਂ ਸਨ, ਦੇ ਉਥਾਣ ਲਈ ਸਰਕਾਰ ਨੂੰ ਸਲਾਹ ਦੇਣ ਲਈ 29 ਜਨਵਰੀ 1953 ਨੂੰ ਸ੍ਰੀ ਕਾਕਾ ਕਲੇਲਕਰ ਦੀ ਪ੍ਰਧਾਨਗੀ ਹੇਠ ਪਹਿਲਾ ਬੈਕਵਰਡ ਕਲਾਸ ਕਮਿਸ਼ਨ ਸਥਾਪਤ ਕੀਤਾ ਗਿਆ। ਇਸ ਕਮਿਸ਼ਨ ਨੇ 30 ਮਾਰਚ 1955 ਵਿਚ ਆਪਣੀ ਰਿਪੋਰਟ ਸਰਕਾਰ ਨੂੰ ਪੇਸ਼ ਕੀਤੀ। ਜਿਸ ਅਨੁਸਾਰ ਦੇਸ਼ ਭਰ ਵਿਚ 2399 ਅਜਿਹੀਆਂ ਸ਼੍ਰੇਣੀਆਂ ਜਾਂ ਬਰਾਦਰੀਆਂ ਸਨ ਜੋ ਕਿ ਹੋਰ ਪਛੜੇ ਵਰਗ ਨਾਲ ਸਬੰਧਤ ਸਨ। ਕਮਿਸ਼ਨ ਨੇ ਆਪਣੀਆਂ ਸਿਫਾਰਸ਼ਾਂ ਵਿਚ ਦੇਸ਼ ਵਿਚ ਚਲ ਰਹੇ ਬਹੁਗਿਣਤੀ ਹਿੰਦੂ ਸਮਾਜ ਵਿਚ ਸਮਾਜਿਕ ਅਤੇ ਵਿਦਿਅਕ ਤੌਰ ਤੇ ਪਛੜੀਆਂ ਜਾਤੀਆਂ ਅਤੇ ਸਮੁੱਚੀਆਂ ਔਰਤਾਂ ਨੂੰ ਪਛੜੇ ਵਰਗ ਵਿਚ ਸ਼ਾਮਲ ਕੀਤਾ। ਕਮਿਸ਼ਨ ਨੇ ਦੇਸ਼ ਵਿਚ ਸਾਰੇ ਮੂਲ ਵਿਗੜੇ ਢਾਂਚੇ ਦਾ ਅਧਾਰ ਆਰਥਿਕ ਪਿਛੜੇਪਣ ਨੂੰ ਦੱਸਿਆ। ਕਮਿਸ਼ਨ ਨੇ ਕਿਹਾ ਕਿ ਜੋ ਸਰਕਾਰੀ ਨੌਂਕਰੀਆਂ ਵਿਚ ਕੋਈ ਜਗ੍ਹਾ ਨਹੀਂ ਰੱਖਦੇ, ਜੋ ਕੁਦਰਤੀ ਵਸੀਲੇ ਜਿਵੇਂ ਧਰਤੀ, ਪੈਸਾ ਅਤੇ ਉਦਯੋਗਿਕ ਤਰੱਕੀ ਵਿਚ ਕੋਈ ਹਿੱਸਾ ਨਹੀਂ ਰੱਖਦੇ, ਜੋ ਖੇਤੀ ਮਜ਼ਦੂਰ ਅਤੇ ਪੈਸੇ ਤੋਂ ਬਿਨਾਂ ਹਨ, ਭੀਖ ਮੰਗਦੇ ਹਨ, ਆਪ ਅਤੇ ਆਪਣੇ ਬੱਚਿਆਂ ਨੂੰ ਪੜਾ ਕੇ ਸਹੀ ਅਗਵਾਈ ਯੋਗ ਨਹੀਂ ਬਣਾ ਸਕਦੇ, ਉਹ ਸਾਰੇ ਪਿਛੜੇ ਹਨ। ਕਲੇਲਕਰ ਕਮਿਸ਼ਨ ਨੇ ਪਛੜੀਆਂ ਸ਼੍ਰੇਣੀਆਂ ਨੂੰ ਸਰਕਾਰੀ ਅਤੇ ਲੋਕਲ ਬਾਡੀਜ਼ ਵਿਚ ਪਹਿਲ ਦਰਜੇ ਦੀਆਂ ਨੌਂਕਰੀਆਂ ਲਈ 25%, ਦੂਜੇ ਦਰਜੇ ਦੀਆਂ ਨੌਂਕਰੀਆਂ ਲਈ ਸਾਢੇ 33% ਅਤੇ ਤੀਜੇ ਅਤੇ ਚੌਥੇ ਦਰਜੇ ਦੀਆਂ ਨੌਂਕਰੀਆਂ ਵਿਚ 40% ਰਾਖਵਾਂਕਰਨ ਕਰਨ ਦੀ ਸਿਫਾਰਸ਼ ਕੀਤੀ। ਪ੍ਰੰਤੂ ਸਰਕਾਰ ਨੇ ਇਹ ਰਿਪੋਰਟ ਇਹ ਕਹਿ ਕੇ ਖਾਰਜ ਕਰ ਦਿੱਤੀ ਕਿ ਪਛੜੇਪਣ ਦਾ ਅਧਾਰ ਕਿਸੇ ਖਾਸ ਪੈਮਾਨੇ ਦੇ ਅਧਾਰ ਤੇ ਨਹੀਂ ਲਿਆ ਗਿਆ।

ਅਗਲੇ 24 ਸਾਲ ਹੋਰ ਪੱਛੜੀਆਂ ਸ਼੍ਰੇਣੀਆਂ ਵੱਲੋਂ ਇਸ ਤੇ ਦੁਬਾਰਾ ਗੌਰ ਕਰਨ ਲਈ ਦਬਾਅ ਬਣਾਇਆ ਜਾਂਦਾ ਰਿਹਾ। ਪਰ ਕਿਸੇ ਵੀ ਸਰਕਾਰ ਨੇ ਇਸ ਪਾਸੇ ਕੋਈ ਕਦਮ ਨਹੀਂ ਚੁਕਿਆ। ਫਿਰ ਜਨਤਾ ਪਾਰਟੀ ਦੀ ਸਰਕਾਰ ਜਿਸ ਦੇ ਪ੍ਰਧਾਨ ਮੰਤਰੀ ਸ੍ਰੀ ਮੋਰਾਰ ਜੀ ਡੇਸਾਈ ਸਨ, ਨੇ ਸੰਨ 1979 ਵਿਚ ਲੋਕ ਸਭਾ ਦੇ ਮੈਂਬਰ ਸ੍ਰੀ ਬੀ.ਪੀ. ਮੰਡਲ ਦੀ ਅਗਵਾਈ ਵਿਚ ਇਕ ਚਾਰ ਮੈਂਬਰੀ ਕਮਿਸ਼ਨ ਸਥਾਪਤ ਕੀਤਾ। ਜਿਸ ਨੂੰ ਦੇਸ ਵਿਚ ਸਮਾਜਿਕ ਅਤੇ ਵਿਦਿਅਕ ਤੌਰ ਤੇ ਪਛੜੇ ਵਰਗਾਂ ਦੀ ਪਛਾਣ ਕਰਨਾ, ਇਹਨਾਂ ਲੋਕਾਂ ਨੂੰ ਰਾਖਵੇਂਕਰਨ ਦੇ ਸਵਾਲ ਤੇ ਵਿਚਾਰ ਕਰਨ ਲਈ ਸਰਕਾਰ ਨੇ ਸਿਫਾਰਸ਼ਾਂ ਕਰਨ ਦਾ ਕੰਮ ਜ਼ਿੰਮੇ ਲਗਾਇਆ।

ਕਮਿਸ਼ਨ ਨੇ ਸਮਾਜਿਕ, ਆਰਥਿਕ ਤੇ ਵਿਦਿਅਕ ਕੁਲ ਗਿਆਰਾਂ ਸਤਰਾਂ ਨੂੰ ਅਧਾਰ ਬਣਾ ਕੇ ਸੰਨ 1980 ਵਿਚ ਆਪਣੀ ਰਿਪੋਰਟ ਸਰਕਾਰ ਨੂੰ ਪੇਸ਼ ਕਰ ਦਿੱਤੀ। 10 ਸਾਲ ਤੱਕ ਇਹ ਰਿਪੋਰਟ ਵੱਖ-ਵੱਖ ਪਾਰਟੀਆਂ ਦੀਆਂ ਸਰਕਾਰਾਂ ਅਧੀਨ ਫਾਇਲਾਂ ਵਿਚ ਦੱਬੀ ਰਹੀ। ਕਿਉਂ ਜੋ 1931 ਦੀ ਜਨਗਣਨਾ ਤੋਂ ਬਾਅਦ ਭਾਰਤ ਵਿਚ ਜਾਤੀ ਅਧਾਰਤ ਜਨਗਣਨਾ ਨਹੀਂ ਹੋਈ ਸੀ ਇਸ ਲਈ ਦੇਸ਼ ਵਿਚ ਕਿਸ ਜਾਤੀ ਦੇ ਕਿੰਨੇ ਲੋਕ ਸਨ, ਦਾ ਅੰਦਾਜ਼ਾ ਲਗਾਉਣਾ ਵੀ ਥੋੜ੍ਹਾ ਮੁਸ਼ਕਲ ਕੰਮ ਸੀ। ਮੰਡਲ ਕਮਿਸ਼ਨ ਨੇ 1931 ਦੀ ਜਨਗਣਨਾ ਨੂੰ ਅਧਾਰ ਬਣਾ ਕੇ ਹੁਣ ਤੱਕ ਵੱਖ-ਵੱਖ ਧਰਮਾਂ ਦੇ ਲੋਕਾਂ ਦੀ ਗਿਣਤੀ ਵਿਚ ਕਿੰਨਾ ਵਾਧਾ ਹੋ ਚੁੱਕਾ ਸੀ, ਨੂੰ ਅਧਾਰ ਮੰਨ ਕੇ ਇਕ ਡਾਟਾ ਤਿਆਰ ਕੀਤਾ ਜਿਸ ਅਨੁਸਾਰ ਮੰਡਲ ਕਮਿਸ਼ਨ ਨੇ ਦੱਸਿਆ ਕਿ ਦੇਸ਼ ਵਿਚ ਪਛੜੀਆਂ ਸ਼੍ਰੇਣੀਆਂ ਦੀ ਵਸੋਂ ਕੁਲ ਆਬਾਦੀ ਦਾ 52% (ਐਸ.ਸੀ. ਤੇ ਐਸ.ਟੀ. ਨੂੰ ਛੱਡ ਕੇ) ਬਣਦੀ ਹੈ। ਕੁਲ 3743 ਵੱਖ-ਵੱਖ ਜਾਤਾਂ ਤੇ ਫਿਰਕਿਆਂ ਦੇ ਲੋਕ ਪੱਛੜੇ ਸਨ। ਪਿਛੜੀ ਜਾਤੀ ਦਰਜਾ ਦੇਣ ਵੇਲੇ ਮੁੱਖ ਤੌਰ ਤੇ ਸਮਾਜਿਕ, ਵਿਦਿਅਕ ਤੇ ਆਰਥਿਕ ਸਥਿਤੀ ਤੇ ਅਧਾਰਤ 11 ਨੁਕਤਿਆਂ ਨੂੰ ਅਧਾਰ ਬਣਾਇਆ ਗਿਆ। ਜੋ ਕਿ ਹੇਠ ਲਿਖੇ ਅਨੁਸਾਰ ਸੀ।

## ਸਮਾਜਿਕ ਅਧਾਰ

1. ਦੂਜਿਆਂ ਦੁਆਰਾ ਸਮਾਜਕ ਤੌਰ ਤੇ ਪਛੜੀਆਂ ਸਮਝੀਆਂ ਜਾਣ ਵਾਲੀਆਂ ਜਾਤੀਆਂ।

2. ਉਹ ਜਾਤੀਆਂ ਜੋ ਆਪਣਾ ਜੀਵਨ ਨਿਰਬਾਹ ਕਰਨ ਲਈ ਹੱਥੀਂ ਮਜ਼ਦੂਰੀ ਕਰਦੀਆਂ ਸਨ।

3. ਉਹ ਜਾਤੀਆਂ ਜਿਨ੍ਹਾਂ ਦੇ 10% ਮਰਦ ਅਤੇ 25% ਔਰਤਾਂ ਸੂਬੇ ਦੀ ਔਸਤ ਵਿਆਹ ਉਮਰ ਤੋਂ ਪਹਿਲਾਂ ਜਾਂ 17 ਸਾਲ ਤੋਂ ਪਹਿਲਾਂ ਪੇਂਡੂ ਇਲਾਕੇ ਵਿਚ ਅਤੇ 10% ਔਰਤਾਂ ਅਤੇ 5% ਮਰਦ ਸ਼ਹਿਰੀ ਖੇਤਰ ਵਿਚ ਵਿਆਹੇ ਜਾਂਦੇ ਹਨ।

4. ਉਹ ਜਾਤੀਆਂ ਜਿਨ੍ਹਾਂ ਦੀਆਂ ਔਰਤਾਂ ਸੂਬੇ ਦੀ ਔਸਤ ਮਜ਼ਦੂਰੀ ਉਮਰ ਤੋਂ 25% ਵੱਧ ਮਜ਼ਦੂਰੀ ਕਰਦੀਆਂ ਹਨ।

## ਵਿਦਿਅਕ ਅਧਾਰ

1. ਉਹ ਜਾਤੀਆਂ ਜਿਨ੍ਹਾਂ ਦੇ 5-15 ਸਾਲ ਦੀ ਉਮਰ ਦੇ ਬੱਚੇ ਸੂਬੇ ਦੀ ਔਸਤ ਨਾਲੋਂ 25% ਵੱਧ ਕਦੇ ਵੀ ਵਿਦਿਆ ਪ੍ਰਾਪਤ ਕਰਨ ਲਈ ਸਕੂਲ ਨਹੀਂ ਗਏ।

2. ਉਹ ਜਾਤੀਆਂ ਜਿਨ੍ਹਾਂ ਦੇ 5-15 ਸਾਲ ਦੀ ਉਮਰ ਦੇ ਬੱਚੇ ਸੂਬੇ ਦੀ ਔਸਤ ਨਾਲੋਂ 25% ਵੱਧ ਦੀ ਗਿਣਤੀ ਵਿਚ ਸਕੂਲੀ ਪੜ੍ਹਾਈ ਅਧਵਾਟੇ ਹੀ ਛੱਡ ਦਿੰਦੇ ਹਨ।

3. ਉਹ ਜਾਤੀਆਂ ਜਿਨ੍ਹਾਂ ਦੇ ਮੈਟ੍ਰਿਕ ਪਾਸ ਤੱਕ ਦੀ ਪੜ੍ਹਾਈ ਵਾਲੇ ਬੱਚੇ ਸੂਬੇ ਦੀ ਔਸਤ ਨਾਲ 25% ਘੱਟ ਹਨ।

## ਆਰਥਿਕ ਅਧਾਰ

1. ਉਹ ਜਾਤੀਆਂ ਜਿਨ੍ਹਾਂ ਦੇ ਮੈਂਬਰਾਂ ਦੀ ਕੁਲ ਜਾਇਦਾਦ ਦੀ ਮਾਲਕੀ ਸੂਬੇ ਦੇ ਬਾਕੀ ਸਾਧਾਰਨ ਸ਼ਹਿਰੀਆਂ ਦੀ ਔਸਤ ਨਾਲੋਂ 25% ਤੋਂ ਘੱਟ ਸੀ।

2. ਉਹ ਜਾਤੀਆਂ ਜਿਨ੍ਹਾਂ ਦੇ ਮੈਂਬਰ ਸੂਬੇ ਦੀ ਕੁਲ ਕੱਚੇ ਘਰਾਂ ਵਿਚ ਰਹਿਣ ਵਾਲੇ ਲੋਕਾਂ ਦੀ ਗਿਣਤੀ ਤੋਂ 25% ਵੱਧ ਸੀ।

3. ਉਹ ਜਾਤੀਆਂ ਜਿਨ੍ਹਾਂ ਦੇ 50% ਲੋਕਾਂ ਕੋਲ ਪੀਣ ਵਾਲੇ ਪਾਣੀ ਦਾ ਸਾਧਨ ਅੱਧੇ ਕਿਲੋਮੀਟਰ ਤੋਂ ਵੱਧ ਦੂਰ ਸੀ।

4. ਉਹ ਜਾਤੀਆਂ ਜਿਨ੍ਹਾਂ ਦੇ ਲੋਕਾਂ ਨੇ ਖਾਣ ਪੀਣ ਤੇ ਰਹਿਣ ਸਹਿਣ ਲਈ ਸੂਬੇ ਦੀ ਔਸਤ ਤੋਂ ਵੱਧ ਕਰਜ਼ਾ ਲਿਆ ਹੋਇਆ ਸੀ।

ਉਪਰੋਕਤ ਗਿਆਰਾਂ ਨੁਕਤਿਆਂ ਦੇ ਅਧਾਰ ਤੇ ਵਿਦਿਅਕ, ਸਮਾਜਿਕ ਤੇ ਆਰਥਿਕ ਅਧਾਰ ਤੇ ਕ੍ਰਮਵਾਰ ਦੋ, ਤਿੰਨ ਤੇ ਇਕ ਨੰਬਰ ਦਾ ਸਕੋਰ ਦੇ ਕੇ 50% ਨੰਬਰ ਪ੍ਰਾਪਤ ਜਾਤੀ ਨੂੰ ਪਛੜੀ ਜਾਤੀ ਤੇ ਬਾਕੀ ਨੂੰ ਅਗੜੀ ਜਾਤੀ ਕਰਾਰ ਦਿੱਤਾ ਗਿਆ।

ਮੰਡਲ ਕਮਿਸ਼ਨ ਦੀ ਰਿਪੋਰਟ ਮੁਤਾਬਿਕ ਉਸ ਵੇਲੇ ਦੇਸ਼ ਵਿਚ 3743 ਜਾਤੀਆਂ ਪਛੜੀਆਂ ਜਾਤੀਆਂ ਦੀ ਸ਼੍ਰੇਣੀ ਵਿਚ ਆਉਂਦੀਆਂ ਸਨ ਜਿਨ੍ਹਾਂ ਦੀ ਦੇਸ਼ ਦੀ ਕੁਲ ਅਬਾਦੀ ਵਿਚ 52% ਹਿੱਸਾ ਬਣਦਾ ਸੀ। ਹੁਣ ਕੇਂਦਰੀ ਸਰਕਾਰ ਦੀ ਹੋਰ ਪਛੜੀਆਂ ਸ਼੍ਰੇਣੀਆਂ ਦੀ ਸੂਚੀ ਵਿਚ 5013 ਜਾਤੀਆਂ ਹੋ ਗਈਆਂ ਸਨ।

ਕਮਿਸ਼ਨ ਨੇ ਉਦਾਹਰਣ ਦਿੰਦੇ ਹੋਏ ਕਿਹਾ ਕਿ ਇਹ ਮੰਨ ਕੇ ਕਿ ਇਹ ਬੱਚਾ ਇਕ ਉੱਨਤ ਵਰਗ ਪਰਿਵਾਰ ਦਾ ਹੈ ਅਤੇ ਇਕ ਪਿਛੜੇ ਵਰਗ ਦੇ ਪਰਿਵਾਰ ਦਾ। ਉਹਨਾਂ ਦੇ ਜਨਮ ਸਮੇਂ ਇਕੋ ਜਿਹੀ ਬੁੱਧੀ ਸੀ, ਫਿਰ ਸਮਾਜਿਕ, ਸੱਭਿਆਚਾਰਕ ਤੇ ਵਾਤਾਵਰਨ ਦੇ ਫਰਕ ਨਾਲ ਉਹਨਾਂ ਦੀ ਹੋਈ ਪਾਲਣਾ ਪੋਸ਼ਣਾ ਕਾਰਨ ਪਹਿਲਾ ਬੱਚਾ ਦੂਜੇ ਨੂੰ ਹਰ ਮੁਕਾਬਲੇ ਵਿਚ ਹਰਾ ਦੇਵੇਗਾ। ਭਾਵੇਂ ਕਿ ਅਗੜੀ ਜਾਤੀ ਦੇ ਬੱਚੇ ਦਾ ਬੁੱਧੀ ਦਰਜਾ ਦੂਜੇ ਪੱਛੜੀ ਜਾਤੀ ਦੇ ਬੱਚੇ ਨਾਲੋਂ ਕਿਤੇ ਘੱਟ ਹੋਵੇ।

ਮੰਡਲ ਕਮਿਸ਼ਨ ਨੇ ਸੁਝਾਅ ਦਿੱਤਾ ਕਿ ਕਿਉਂਕਿ ਦੇਸ਼ ਵਿਚ ਪਛੜੀਆਂ ਸ਼੍ਰੇਣੀਆਂ ਦੀ ਵਸੋਂ ਕੁਲ ਵਸੋਂ ਦਾ 52% ਹੈ ਇਸ ਲਈ ਸਰਕਾਰੀ ਨੌਕਰੀਆਂ, ਵਿਦਿਅਕ ਅਦਾਰਿਆਂ ਆਦਿ ਵਿਚ ਇਹ ਰਾਖਵਾਂਕਰਨ ਵੀ 52% ਹੋਣਾ ਚਾਹੀਦਾ ਹੈ। ਪ੍ਰੰਤੂ ਦੇਸ਼ ਦੀ ਸੁਪਰੀਮ ਕੋਰਟ ਵੱਲੋਂ ਪਹਿਲਾਂ ਤੋਂ ਹੀ ਆ ਚੁੱਕੇ ਫੈਸਲੇ ਅਨੁਸਾਰ ਦੇਸ਼ ਵਿਚ ਕੁਲ ਰਾਖਵਾਂਕਰਨ 50% ਤੋਂ ਵੱਧ ਨਹੀਂ ਹੋ ਸਕਦਾ ਸੀ। ਸ਼ਡਉਲਿਡ ਕਾਸਟ ਅਤੇ ਸ਼ਡਉਡਿਟ ਟਰਾਈਬ ਨੂੰ ਪਹਿਲਾਂ ਹੀ 22.5 ਫੀਸਦੀ ਦਾ ਰਾਖਵਾਂਕਰਨ ਦਿੱਤਾ ਜਾ ਚੁੱਕਾ ਸੀ। ਇਸ ਲਈ ਕਮਿਸ਼ਨ ਨੇ ਸੁਝਾਅ ਦਿੱਤਾ ਕਿ ਹੋਰ ਪੱਛੜੀਆਂ ਸ਼੍ਰੇਣੀਆਂ ਨੂੰ ਨੌਕਰੀਆਂ, ਵਿਦਿਅਕ ਅਤੇ ਹੋਰ ਖੇਤਰਾਂ ਵਿਚ 27% ਦਾ ਰਾਖਵਾਂਕਰਨ ਦਿੱਤਾ ਜਾਵੇ।

1980 ਵਿਚ ਕਮਿਸ਼ਨ ਦੁਆਰਾ ਸਰਕਾਰ ਨੂੰ ਪੇਸ਼ ਕੀਤੀ ਇਹ ਰਿਪੋਰਟ 1990 ਤੱਕ ਸਰਕਾਰੀ ਅਲਮਾਰੀਆਂ ਵਿਚ ਧੂੜ ਫੱਕਦੀ ਰਹੀ। ਕਿਸੇ ਵੀ ਸਰਕਾਰ ਨੇ ਇਸ ਨੂੰ ਲਾਗੂ ਕਰਨ ਵੱਲ ਕੋਈ ਤਵੱਜੋਂ ਨਹੀਂ ਦਿੱਤੀ। ਆਖਿਰ ਦੇਸ਼ ਦੀ ਉਸ ਵੇਲੇ ਦੀ ਨੈਸ਼ਨਲ ਫਰੰਟ ਦੀ ਸਰਕਾਰ ਦੇ ਪ੍ਰਧਾਨ ਮੰਤਰੀ ਸ੍ਰੀ ਵੀ.ਪੀ. ਸਿੰਘ ਨੇ 7 ਅਗਸਤ 1990 ਨੂੰ ਮੰਡਲ ਕਮਿਸ਼ਨ ਦੀ ਰਿਪੋਰਟ ਨੂੰ ਲਾਗੂ ਕਰਨ ਦਾ ਐਲਾਨ ਕਰ ਦਿੱਤਾ। ਸਰਕਾਰ ਨੇ ਐਲਾਨ ਕੀਤਾ ਕਿ ਸਰਕਾਰ ਸਮਾਜਿਕ ਅਤੇ ਵਿਦਿਅਕ ਤੌਰ ਤੇ ਪਛੜੀਆਂ ਸ਼੍ਰੇਣੀਆਂ ਦੇ ਲੋਕਾਂ ਨੂੰ ਸਰਕਾਰੀ ਅਤੇ ਅਰਧ ਸਰਕਾਰੀ ਅਦਾਰਿਆਂ ਵਿਚ ਨੌਕਰੀਆਂ ਲਈ 27% ਰਾਖਵਾਂਕਰਨ ਦੇਵੇਗੀ। 13 ਅਗਸਤ 1990 ਨੂੰ ਸਰਕਾਰੀ ਹੁਕਮ ਅਤੇ 15 ਅਗਸਤ 1990 ਨੂੰ ਲਾਲ ਕਿਲੇ ਤੋਂ ਪ੍ਰਧਾਨ ਮੰਤਰੀ ਨੇ ਆਪਣੇ ਭਾਸ਼ਨ ਵਿਚ ਇਸ ਨੂੰ ਦੇਸ਼ ਭਰ ਵਿਚ ਲਾਗੂ ਕਰਨ ਦੀ ਘੋਸ਼ਣਾ ਵੀ ਕਰ ਦਿੱਤੀ। ਅਗੜੀ ਜਾਤੀਆਂ ਦੇ ਲੋਕਾਂ ਨੇ ਇਸ ਦੀ ਵੱਡੇ ਪੱਧਰ 'ਤੇ ਮੁਖਾਲਫਤ ਕਰਨੀ ਸ਼ੁਰੂ ਕਰ ਦਿੱਤੀ। ਦੇਸ਼ ਭਰ ਵਿਚ ਕੁਲੀਨ ਜਾਤੀ ਦੇ ਵਿਦਿਆਰਥੀਆਂ ਨੇ ਵੱਡੇ ਪੱਧਰ ਤੇ ਰੋਸ ਮੁਜਾਹਰੇ, ਅੱਗ ਜਣੀ ਤੇ ਆਤਮਦਾਹਾਂ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ।

**(ਚਲਦਾ) (ਬਾਕੀ ਅਗਲੇ ਅੰਕ ਵਿਚ)**



**ਕਹਾਣੀ**

# ਪਿਤਾ

**ਅਨੁਰਾਧਾ ਸ਼ਰਮਾ 'ਕਾਫ਼ਿਰ'**

"ਜ਼ਾਰਾ ਤੂੰ ਏਨੀ ਛੇਤੀ ਵੱਡੀ ਕਿਵੇਂ ਹੋ ਰਹੀ ਏਂ, ਪਿਛਲੀ ਵਾਰ ਮੈਂ ਆਇਆ ਸੀ ਤਾਂ ਤੂੰ ਛੋਟੀ ਜਿਹੀ ਸੀ?

"ਹਾਂ ਪਾਪਾ ਮੇਰੇ ਪੈਰ ਵੀ ਵੱਡੇ ਹੋ ਗਏ ਹੈਂ

ਅੰਗੂਠੇ ਕੇ ਪਾਸ ਸੇ ਜੁਰਾਬੇ ਫੱਟਤੀ ਰਹਤੀ ਹੈਂ।

ਆਪਣੀ ਭਤੀਜੀ ਦਾ ਮਾਸੂਮ ਜਿਹਾ ਜਵਾਬ ਸੁਣ ਕੇ ਮੇਰੇ ਮੂੰਹ ਤੇ ਮੁਸਕਾਨ ਆ ਗਈ ਤੇ ਅੱਖਾਂ 'ਚ ਪਾਣੀ ਦੀਆਂ ਬੂੰਦਾਂ ਕਿੰਨੀਆਂ ਮਾਸੂਮ ਹੁੰਦੀਆਂ ਨੇ ਤੇ ਪਿਉ ਨੂੰ ਕਿੰਨੀਆਂ ਪਿਆਰੀਆਂ ਵੀ।

ਮੇਰਾ ਭਰਾ ਮਲਟੀ ਇੰਟਰਨੈਸ਼ਨਲ ਕੰਪਨੀ 'ਚ ਮੁੰਬਈ ਵਿਖੇ ਨੌਕਰੀ ਕਰਦਾ ਮਹੀਨੇ, ਦੋ ਮਹੀਨੇ ਬਾਅਦ ਘਰ ਆਉਂਦਾ ਹੈ। ਘਰ ਉਸ ਦੇ ਦੋ ਬੱਚੇ ਇੱਕ ਬੇਟਾ ਤੇ ਇੱਕ ਬੇਟੀ ਇੰਤਜ਼ਾਰ ਕਰਦੇ ਹਨ। ਬੇਟਾ ਨਾਲ ਲਿਆਉਂਦੇ ਖਿਡੋਣਿਆਂ ਦਾ, ਤੇ ਬੇਟੀ ਆਪਣੇ ਪਾਪਾ ਦਾ ਅੱਜ ਉਹ ਆਇਆ ਹੈ ਤੇ ਲੰਬੀ ਹੁੰਦੀ ਧੀ ਨੂੰ ਵੇਖ ਕੇ ਪੁੱਛ ਰਿਹਾ ਹੈ, ਅੱਠ ਸਾਲਾਂ ਦੀ ਜ਼ਾਰਾ ਸਮਝ ਮੁਤਾਬਿਕ ਜਵਾਬ ਦੇ ਰਹੀ ਹੈ। ਮੈਨੂੰ ਆਪਣਾ ਬਚਪਨ ਯਾਦ ਆਉਂਦਾ ਹੈ। ਦਸਦੇ ਹਨ ਡੈਡੀ ਵੀ ਜਦੋਂ ਮਹੀਨੇ ਬਾਅਦ ਘਰ ਵਾਪਿਸ ਆਉਂਦੇ ਸੀ ਤਾਂ ਵਿਹੜੇ ਵਿੱਚ ਲੰਮੀ ਪਾ ਕੇ ਗਿੱਠਾ ਨਾਲ ਮਿਣਦੇ ਤੇ ਕਹਿੰਦੇ 'ਪਿਤਾ ਜੀ ਚਾਰ ਉਂਗਲ ਵੱਧ ਰਹੀ ਹੈ" ਤੇ ਕੰਮ ਤੇ ਜਾ ਕੇ ਹੋਰ ਓਵਰਟਾਇਮ ਕਰਦੇ, ਛੁੱਟੀ ਵਾਲੇ ਦਿਨ ਦਿਹਾੜੀਆਂ ਲਾ ਲੈਂਦੇ ਜਦੋਂ ਮਹੀਨੇ ਬਾਅਦ ਵਾਪਿਸ ਆਉਂਦੇ ਤਾਂ ਉਸ ਸਮੇਂ ਦੀ ਸਭ ਤੋਂ ਵਧੀਆ ਆਇਟਮ ਕੋਈ ਖੇਸ, ਕੋਈ ਦਰੀ, ਪ੍ਰੈਸ਼ਰ ਕੁੱਕਰ, ਪ੍ਰੈਸ ਜਾਂ ਫਿਰ ਕੋਈ ਰਸੋਈ ਦੀ ਚੀਜ਼, ਚਿੱਟੀ ਸੰਗਮਰਮਰ ਦਾ ਚਕਲਾ ਲੈ ਆਉਂਦੇ, ਪਹਿਲਾਂ ਤੇ ਮੇਰੀ ਮੰਮੀ ਆਪਣੀ ਪੇਟੀ 'ਚ ਸਭ ਚੀਜ਼ਾਂ ਸਾਂਭਦੀ ਰਹੀ, ਫਿਰ ਜਦੋਂ ਮੈਂ ਪੰਦਰਾਂ ਕੁ ਸਾਲ ਦੀ ਹੋਈ ਤਾਂ ਇੱਕ ਛੋਟੀ ਪੇਟੀ ਲੈ ਆਈ ਤੇ ਸਭ ਸਮਾਨ ਉਸ ਵਿੱਚ ਜੋੜਨਾ ਸ਼ੁਰੂ ਕਰ ਦਿੱਤਾ ਗਿਆ। ਉਹ ਆਪ ਵੀ ਥਾਲਪੋਸ਼, ਨਾਲੇ, ਰੁਮਾਲ, ਬਣਾਉਂਦੀ ਰਹਿੰਦੀ ਇੰਝ ਮੇਰੇ ਗਿੱਠ-ਗਿੱਠ ਵਾਧੇ ਦੇ ਨਾਲ-ਨਾਲ ਪੇਟੀ ਦਾ ਭਾਰ ਵੀ ਵੱਧਦਾ ਜਾਂਦਾ। ਮੈਂ ਆਪਣੇ ਮਾਪਿਆਂ ਦੀ ਬਹੁਤ ਚੰਗੀ ਧੀ ਸੀ, ਹੁਸ਼ਿਆਰ, ਤੇਜ਼ ਦਿਮਾਗ ਹਰ ਪਾਸੇ ਅੱਗੇ। ਪੜ੍ਹਾਈ 'ਚ ਕੰਮ-ਕਾਜ ਵਿੱਚ ਪੜ੍ਹਾਈ ਤੋਂ ਇਲਾਵਾ ਮੇਰੇ ਦਾਦਾ ਜੀ ਨੇ 'ਗੀਤਾ', 'ਰਮਾਇਣ', 'ਸੁੱਖਸਾਗਰ', 'ਦੁਰਗਾ ਅਸ਼ਟਪਦੀ', 'ਹਨੂੰਮਾਨ ਚਾਲੀਸਾ' ਤੇ ਹੋਰ ਵੀ ਕਈ ਮੰਤਰ ਮੈਨੂੰ ਪੜ੍ਹਾਏ, ਯਾਦ ਕਰਵਾਏ। ਮੈਂ ਸਭ ਤੋਤੇ ਵਾਂਗ ਰੱਟਦੀ, ਕੀਰਤਨ ਕਰਦੀ ਲੋਕਾਂ ਦੇ ਜਨਮ-ਦਿਨ ਕਰਵਾ ਆਉਂਦੀ। ਬਹੁਤ ਹੀ ਧਾਰਮਿਕ ਲੋਕੀ ਮੈਨੂੰ ਦੇਵੀ ਸਮਝ ਲੈਂਦੇ। ਭਗਤੀ-ਭਾਵ ਦਾ ਰੱਸ ਏਨਾ ਚੜ੍ਹਿਆ ਕਿ ਇਕ ਵਾਰ ਮੈਂ ਇਕ ਮੰਦਿਰ ਵਿੱਚ ਹੀ ਜਾ ਕੇ ਬੈਠ ਗਈ। ਬਹੁਤ ਮੁਸ਼ਕਿਲ ਨਾਲ ਮੈਨੂੰ ਘਰ ਲਿਆਉਂਦਾ ਗਿਆ। ਉਦੋਂ ਮੇਰੇ ਪਿਤਾ ਜੀ ਨੇ ਮੈਨੂੰ ਕਿਹਾ "ਇਸ ਤੋਂ ਜ਼ਿਆਦਾ ਚੰਗਾ ਹੁੰਦਾ ਤੂੰ ਮੈਨੂੰ ਘਰ ਬਿਠਾ ਕੇ ਮੇਰੇ ਸਿਰ 'ਚ ਜੁੱਤੀਆਂ ਆਪੇ ਹੀ ਮਾਰ ਲੈਂਦੀ। ਮੈਂ ਲੋਕਾਂ ਤੋਂ ਨਾਂ ਖਾਂਦਾ"।

ਮੈਂ ਹੈਰਾਨ-ਪ੍ਰੇਸ਼ਾਨ। ਕੀ ਇਹੋ ਜਿਹਾ ਕੀ ਗੁੱਸਾ ਹੋ ਗਿਆ। ਮੈਨੂੰ ਬਹੁਤ ਗੁੱਸਾ ਆਇਆ ਪਰ ਬਾਅਦ ਵਿੱਚ ਸਮਝ ਆਈ ਕਿ ਉਹ ਆਪਣੀ ਥਾਂ ਤੇ ਸੱਚੇ ਸੀ। ਮੈਂ ਆਪਣੀ ਥਾਂ ਤੇ ਸੱਚੀ ਸੀ।

ਫੇਰ ਕੁੱਝ ਸਮੇਂ ਬਾਅਦ, ਜ਼ਿੰਦਗੀ ਨਾਰਮਲ ਹੋਈ। ਮੈਂ ਕਾਲਿਜ ਜਾਣ ਲੱਗੀ। ਕਾਲਿਜ ਦੇ ਨੇੜੇ ਇਕ ਨਹਿਰ ਵਗਦੀ ਸੀ ਪਰ ਕਾਲਿਜ ਬੰਦ ਹੋਣ ਕਰਕੇ ਮੈਂ ਕਦੇ ਉਸ ਤੇ ਘੁੰਮਣ ਨਾ ਗਈ। ਆਪਣੀ ਪੜ੍ਹਾਈ ਕਰਦੀ ਰਹਿੰਦੀ। ਗਿਆਰਵੀਂ ਵਿੱਚ ਜਾ ਕੇ ਮੈਨੂੰ ਮਿਰਗੀ ਦੀ ਬਿਮਾਰੀ ਹੋ ਗਈ ਮੇਰੇ ਪਿਤਾ ਜੀ ਹਰ ਵੇਲੇ ਟੈਨਸ਼ਨ 'ਚ ਰਹਿੰਦੇ। ਉਦੋਂ ਭਰਾ ਡਿਪਲੋਮਾ ਕਰਦਾ ਸੀ ਬਹੁਤ ਜਗ੍ਹਾ ਧੱਕੇ ਖਾਣ ਤੋਂ ਬਾਅਦ ਇਕ ਵੱਡੇ ਲੁਟੇਰੇ ਪਾਸ ਫਸ ਗਏ ਜਿਸਦੀ ਦਵਾਈ ਬਹੁਤ ਮਹਿੰਗੀ ਸੀ। ਪਰ ਪਹਿਲੀ ਖੁਰਾਕ ਤੋਂ ਹੀ ਭਾਰੀ ਨਸ਼ਾ ਹੋਣ ਕਰਕੇ ਮੇਰਾ ਸਿਰ ਠੀਕ ਤਾਂ ਹੋ ਗਿਆ ਪਰ ਉਡਿਆ-ਉਡਿਆ ਰਹਿੰਦਾ। ਡੈਡੀ ਬਹੁਤ ਟੈਨਸ਼ਨ ਕਰਦੇ ਕਿ ਵਿਆਹ ਕਿੱਦਾਂ ਹੋਵੇਗਾ। ਕਈ ਵਾਰ ਅਖ਼ਬਾਰਾਂ ਵਿੱਚ ਉਹ ਤਲਾਕਸ਼ੁਦਾ ਲੜਕਿਆਂ, ਜਾਂ ਨਾਰਮਲ ਵੈਨ-ਚਾਲਕਾਂ ਤੱਕ ਨੂੰ ਵੀ ਟਿੱਕ ਕਰ ਲੈਂਦੇ। ਪਤਾ ਨੀ ਕਿਥੋਂ-ਕਿੱਥੋਂ ਤੇ ਕਿਵੇਂ ਯਤਨ ਕਰਦੇ। ਮੇਰੇ ਲਈ ਦਵਾਈਆਂ ਲਿਆਉਂਦੇ। ਮਾਂ ਵੀ ਬਾਬਿਆਂ ਦੇ ਚੱਕਰ ਕੱਟਦੀ ਰਹਿੰਦੀ। ਹੁਣ ਮੇਰਾ ਪਿਤਾ ਜੀ ਨੂੰ ਲੱਗਦਾ ਮੈਂ ਜਿੱਦੀ ਹੋ ਰਹੀ ਹਾਂ। ਮੈਨੂੰ ਲੱਗਦਾ ਮੈਂ ਬਾਗੀ ਹੋ ਰਹੀ ਹਾਂ। ਮੈਂ ਹੁਣ ਧਾਰਮਿਕ ਕਿਤਾਬਾਂ ਛੱਡ ਕੇ ਚੰਗੀਆਂ ਸਾਹਿਤਕ ਕਿਤਾਬਾਂ ਪੜ੍ਹਦੀ। ਲਿਖਣ ਦੀ ਕੋਸ਼ਿਸ਼ ਕਰਦੀ, ਉਹ ਪਸੰਦ ਨਾ ਕਰਦੇ, ਜਦੋਂ ਆਉਂਦੇ ਮੈਨੂੰ ਟੋਕਦੇ। ਉਹ ਸੋਚਦੇ ਕਿ ਇਹ ਸਿਰਫ਼ ਪੜ੍ਹਾਈ ਕਰੇ। ਇਥੇ ਵੀ ਸ਼ਾਇਦ ਉਹ ਆਪਣੀ ਥਾਂ ਠੀਕ ਸੀ। ਮੈਂ ਆਪਣੀ ਥਾਂ ਠੀਕ ਸੀ।

ਇਕ ਦਿਨ ਮੈਂ ਨਹਿਰ 'ਚ ਡਿੱਗ ਪਈ, ਜਿਵੇਂ ਮੇਰੇ 'ਤੇ ਦੁੱਖਾਂ ਦਾ ਪਹਾੜ ਟੁੱਟ ਪਿਆ। ਲੋਕ ਤੋਹਮਤਾਂ ਲਾਉਂਦੇ ਕਿ ਬੱਚਾ ਹੋਣ ਵਾਲਾ ਹੋਣਾ ਹੋਵੇਗਾ। ਕਿਉਂਕਿ ਉਦੋਂ ਏਦਾਂ ਹੀ ਹੁੰਦਾ ਸੀ, ਜ਼ਿਆਦਾਤਰ ਜਾਂ ਕੋਈ ਹੋਰ ਚੱਕਰ। ਮੇਰੇ ਡੈਡੀ ਵੀ ਟੁੱਟ ਗਏ ਤੇ ਮੇਰੇ ਨਾਲ ਬੋਲਚਾਲ ਬੰਦ ਹੀ ਹੋ ਗਈ ਲੱਗਭਗ, ਕੋਈ ਆਉਂਦਾ ਤਾਂ ਪੁਛਦਾ "ਕੀ ਹੋਇਆ?" ਤਾਂ ਉਹ ਕਹਿੰਦੇ ਉਹ ਬੈਠੀ ਹੈਂ ਪੁਛ ਲਵੋ" ਮੈਂ ਸ਼ਰੀਰਕ ਟੁੱਟਣ-ਭੱਜਣ, ਮਾਨਸਿਕ ਪੀੜ, ਲੋਕਾਂ ਦੀ ਤੋਹਮਤਾਂ ਸੰਭਾਲਦੀ, ਉਠਣ ਦਾ ਯਤਨ ਕਰਦੀ। ਡੈਡੀ ਨੇ ਇੱਕ ਮਹੀਨੇ ਦੀ ਛੁੱਟੀ ਲੈ ਲਈ ਸੀ ਤੇ ਆਪਣੇ ਆਪ ਨੂੰ ਹਨੇਰੇ ਕਮਰੇ ਵਿੱਚ ਹੀ ਬੰਦ ਕਰ ਲਿਆ। ਮੈਂ ਲਿਖਣਾ ਚਾਹੁੰਦੀ, ਪਰ ਦੋ ਵਾਰ ਉਨ੍ਹਾਂ ਮੈਨੂੰ ਐਸਾ ਡਾਂਟਿਆ ਤੇ ਕਾਪੀ ਖੋਹ ਕੇ ਇੰਝ ਪਰ੍ਹੇ ਸੁੱਟੀ ਕਿ ਮੇਰਾ ਦਿਲ ਕੁੜੱਤਣ ਨਾਲ ਭਰ ਗਿਆ। ਐਨੇ ਰੋਅਬ-ਦਾਬ ਵਾਲਾ ਬੰਦਾ, ਦੱਬੂ ਬਣ ਕੇ ਜੀ ਰਿਹਾ ਸੀ। ਮੇਰੇ ਚਾਚੇ ਉਨ੍ਹਾਂ ਨੂੰ ਟਿਚਕਰਾਂ ਕਰਦੇ। ਮੈਨੂੰ ਉਨ੍ਹਾਂ ਨੇ ਕਿਹਾ ਕਾਲਿਜ ਨਹੀਂ ਜਾਣਾ। ਮੇਰਾ ਅੰਦਰਲਾ ਫੁੰਕਾਰ ਉਠਿਆ। ਮੈਂ ਬੇਕਸੂਰੋਂ ਕਸੂਰਵਾਰ ਸੀ। ਮੇਰੇ ਨਾਲ ਉਹ ਵੀ ਸਜ਼ਾ ਭੁਗਤ ਰਹੇ ਸੀ, ਵਿਚਾਰੇ ਮੇਰੇ ਬੇਗੁਨਾਹੇ ਪਿਤਾ। ਆਖ਼ਿਰ ਕਾਲਜ ਜਾਣਾ ਬੰਦ ਹੋ ਗਿਆ। ਖ਼ੈਰ ਉਹ ਆਪਣੀ ਥਾਂ ਠੀਕ ਸੀ। ਮੈਂ ਆਪਣੀ ਥਾਂ ਠੀਕ ਸੀ।

ਮੈਂ ਹਿੰਮਤ ਨਾ ਹਾਰੀ, ਕਾਲਿਜ ਦੇ ਪ੍ਰੋਫ਼ੈਸਰ ਘਰ ਆਏ। ਇਹ ਬਹੁਤ ਲਾਇਕ ਕੁੜੀ ਹੈ ਪੜ੍ਹਨ ਦਿਉ।" ਡੈਡੀ ਵੀ ਮੰਨ ਗਏ ਕਾਲਿਜ ਜਾਂਦੀਆਂ ਨੂੰ ਕੁੱਝ ਸਮਾਂ ਹੋਇਆ। ਆਏ ਪ੍ਰੋਫ਼ੈਸਰਾਂ ਵਿੱਚੋਂ ਇਕ ਪ੍ਰੋਫ਼ੈਸਰ ਦਾ ਦਿਲ ਬੇਇਮਾਨ ਹੋ ਗਿਆ। ਇਕ ਦਿਨ ਕਾਲਿਜ ਕੈਂਪਸ ਵਿੱਚ ਹੀ ਉਸ ਨੇ ਮੇਰੀ ਬਾਂਹ ਫੜ

ਲਈ। ਮੇਰਾ ਅੰਦਰਲਾ ਚੀਕ ਉਠਿਆ, ਮੈਂ ਛਟਪੱਟਾ ਗਈ, ਤੜਫ ਉਠੀ ਹਾਏ ਰੱਬਾ ਵਾੜ ਖੇਤ ਨੂੰ ਖਾਣ ਲਗੀ। ਇਕ ਵਾਰ ਫੇਰ ਜ਼ਿੰਦਗੀ 'ਚ ਤੂਫ਼ਾਨ ਆਇਆ ਉਸ ਪ੍ਰੋਫ਼ੈਸਰ ਦੀ ਛਵੀ ਸੰਤਾਂ ਵਾਲੀ ਸੀ, ਸਭ ਮੇਰੇ ਵਿਰੋਧ ਵਿੱਚ ਬੋਲੇ, ਕਿ ਏਸ ਕੁੜੀ ਨੂੰ ਹੀ ਪ੍ਰੋਫ਼ੈਸਰ ਨੇ ਕਿਉਂ ਚੁਣਿਆ, ਪੱਕਾ ਇਹ ਝੂਠ ਬੋਲ ਰਹੀ ਹੈ, ਪਰ ਵਿਦਿਆਰਥੀ ਮੇਰੇ ਨਾਲ ਸੀ ਮੇਰੇ ਡੈਡੀ ਨੂੰ ਕਹਿੰਦੇ ਅਸੀਂ ਜਾਮ ਲਾਵਾਂਗੇ। ਤੁਸੀਂ ਪੁਲਿਸ ਰਿਪੋਰਟ ਕਰੋ, ਪਰ ਰਿਸ਼ਤੇਦਾਰ ਕਹਿੰਦੇ ਐਨੀ ਪਬਲੀਸਿਟੀ ਹੋ ਜਾਵੇਗੀ, ਪਹਿਲਾਂ ਹੀ ਬਿਮਾਰ ਹੈ, ਵਿਆਹੁਣੀ ਕਿੱਦਾਂ ਹੈ। ਤੇ ਪਬਲੀਸਿਟੀ ਦੇ ਡਰੋਂ ਕੋਈ ਐਕਸ਼ਨ ਨਾ ਲਿਆ। ਹੁਣ ਪਿਤਾ ਜੀ ਸ਼ਰਾਬ ਪੀ ਲੈਂਦੇ ਕਦੇ-ਕਦੇ। ਮੈਂ ਅੰਦਰੋਂ-ਅੰਦਰ ਜਰਦੀ। ਜਲਦੀ ਹੀ ਮੇਰੀ ਪੜ੍ਹਾਈ ਛੁਡਾ ਦਿੱਤੀ ਗਈ ਪਰ ਹੁਣ ਲੱਗਦਾ ਹੈ ਸ਼ਾਇਦ ਉਦੋਂ ਵੀ ਉਹ ਆਪਣੀ ਥਾਂ ਠੀਕ ਸੀ। ਮੈਂ ਆਪਣੀ ਥਾਂ ਠੀਕ ਸੀ।

ਪਰ ਹੁਣ ਮੈਂ ਚੁੱਪ ਬੈਠਣ ਵਾਲਿਆਂ ਵਿੱਚੋਂ ਨਹੀਂ ਸੀ। ਕਿਤਾਬਾਂ ਨੇ ਮੈਨੂੰ ਅਕਲਾਂ ਦੇ ਦਿੱਤੀਆਂ। ਮੇਰੀਆਂ ਛੱਪੀਆਂ ਰਚਨਾਵਾਂ ਨੇ ਮੈਨੂੰ ਹੌਂਸਲਾ ਬਖਸ਼ਿਆ। ਮੈਂ ਰਾਈਟਰਸ ਦੀ ਗੱਲ ਕਰਨ ਲੱਗੀ, ਵਾਰ-ਵਾਰ ਲੱਗਦੀਆਂ ਚੋਟਾਂ ਨੇ ਪੱਥਰ ਬਣਾ ਦਿੱਤਾ ਤੇ ਮੈਂ 'ਇੱਟਾਂ' ਨੂੰ ਤਾਬੜ ਤੋੜ ਜਵਾਬ ਦੇਂਦੀ। ਆਖ਼ਿਰ ਡੈਡੀ ਦਾ ਦਿਲ ਪੰਘਰਿਆ, ਮੈਂ ਪ੍ਰਾਈਵੇਟ ਪੇਪਰ ਦਿੱਤੇ। ਮੈਂ ਪੀ-ਐਚ.ਡੀ. ਕਰਨਾ ਚਾਹੁੰਦੀ ਸੀ ਪਰ ਉਨ੍ਹਾਂ ਕੰਪਿਊਟਰ ਡਿਗਰੀ 'ਚ ਦਾਖਿਲਾ ਕਰਵਾ ਦਿੱਤਾ। ਸਾਡੇ ਵਿੱਚ ਬਹੁਤ ਕੁੱਝ ਟੁੱਟ ਚੁੱਕਿਆ ਸੀ, ਨਵਾਂ ਉਸਰ ਚੁਕਿਆ ਸੀ, ਮੈਂ ਖ਼ੁਸ਼ ਸੀ ਕਿ ਚਲੋ ਘਰੋਂ ਬਾਹਰ ਨਿਕਲਣ ਦਾ ਬਹਾਨਾ ਤਾਂ ਬਣਿਆ। ਪਿਤਾ ਜੀ ਵੀ ਮੇਰੇ ਲਗਾਤਾਰ ਪਾਸ ਹੋਣ ਤੋਂ ਸੰਤੁਸ਼ਟ ਸੀ। ਮੈਨੂੰ ਪਤਾ ਸੀ ਕਿ ਦਿਲੋਂ ਉਹ ਮੇਰੇ ਤੇ ਵਿਸ਼ਵਾਸ ਕਰਦੇ ਹਨ। ਮੈਂ ਕਦੇ ਤੋੜਿਆ ਵੀ ਨਹੀਂ ਪਰ ਮੇਰੀ ਤਬੀਅਤ ਕਾਫ਼ਿਰਾਨਾ ਹੋ ਚੁੱਕੀ ਸੀ ਹੁਣ ਵੀ ਉਹ ਆਪਣੀ ਥਾਂ ਠੀਕ ਸੀ। ਮੈਂ ਆਪਣੀ ਥਾਂ ਠੀਕ ਸੀ।

ਆਖ਼ਿਰ 'ਚ ਮੈਨੂੰ ਪਿਆਰ ਹੋ ਗਿਆ, ਜੋ ਕਦੇ ਨਹੀਂ ਸੀ ਹੋਣਾ ਚਾਹੀਦਾ, ਪਰ ਹੋ ਗਿਆ। ਸਾਰਾ ਖਾਨਦਾਨ, ਸਾਰਾ ਸਮਾਜ, ਸਭ ਸਾਥੀ, ਸਭ ਦੋਸਤ, ਪੱਤਾ-ਪੱਤਾ, ਪਾਣੀ ਹਵਾ, ਸਭ ਦੇ ਸਭ ਬਗਾਵਤ ਤੇ ਉੱਤਰ ਆਏ। ਮੇਰੇ ਡੈਡੀ-ਮਾਂ ਨੂੰ ਤੋੜ-ਤੋੜ ਖਾਂਦੇ। ਮੈਨੂੰ ਆਪਣੇ ਪਿਆਰ ਤੇ ਪੂਰਾ ਯਕੀਨ ਸੀ। ਉਹ ਮੇਰੀ ਬਰਬਾਦੀ ਤੇ ਕਹਿੰਦੇ ਕੁੱਝ ਨਾ, ਘੁਲਦੇ ਰਹਿੰਦੇ ਅੰਦਰੋਂ-ਅੰਦਰੀ ਮੈਂ ਪੁੱਛਿਆ ਡੈਡੀ ਜੀ ਕੀ ਗੱਲ ਹੈ, ਉਨ੍ਹਾਂ ਕਿਹਾ "ਲੋਕੀ ਧੀ ਜੰਮਣ ਤੋਂ ਪਤਾ ਕਿਉਂ ਡਰਦੇ ਨੇ, ਸਿਰਫ਼ ਏਸੇ ਗੱਲੋਂ, ਉਹ ਫੁੱਟ-ਫੁੱਟ ਕੇ ਰੋ ਪਏ। ਮੈਂ ਵੀ ਕੁੱਝ ਉਨ੍ਹਾਂ ਦੇ ਦੁੱਖ ਤੋਂ ਜ਼ਿਆਦਾ ਆਪਣੀ ਮੁਹੱਬਤ ਨੂੰ ਯਾਦ ਕਰਕੇ। ਲਗਦਾ ਸੀ ਉਹ ਆਪਣੀ ਥਾਂ ਠੀਕ ਸੀ ਮੈਂ ਆਪਣੀ ਥਾਂ ਠੀਕ ਸੀ...।

ਹਾਲਾਤ ਏਦਾਂ ਦੇ ਬਣੇ ਕਿ ਕਿਸੇ ਜ਼ਮਾਨੇ ਵਿੱਚ ਦੇਵੀ ਮਾਤਾ ਬਣਨ ਵਾਲੀ ਕੁੜੀ ਨੇ ਘਰੋਂ ਦੌੜ ਕੇ ਵਿਆਹ ਕਰਵਾ ਲਿਆ। ਪਰ ਹੁਣ ਮੈਂ ਹਰ ਵੇਲੇ ਰੋਂਦੀ, ਅੰਦਰੋ-ਅੰਦਰ ਘੁਲਦੀ, ਆਪਣੇ ਸਿਆਪੇ ਆਪੇ ਕਰਦੀ, ਹਰ ਰਾਤ ਸੁੱਬਕਦੀ ਸੌਂਦੀ। ਪਿਛਲੀ ਹਰ ਗੱਲ ਚੇਤੇ ਕਰਦੀ, ਸੋਚਦੀ..., ਹਾਏ ਕਿੱਦਾਂ ਦਾ ਲੱਗਾ ਹੋਵੇਗਾ ਜਦੋਂ ਉਨ੍ਹਾਂ ਨੂੰ ਮੇਰੇ ਵਿਆਹ ਦਾ ਫ਼ੋਨ ਗਿਆ ਹੋਵੇਗਾ, ਕਿੰਝ ਉਹ ਆਪਣੇ ਕੁਆਟਰ ਵਿੱਚੋਂ ਚੁਪ-ਚਾਪ ਨਿਕਲੇ ਹੋਣਗੇ। ਕਿਦਾਂ ਡੈਡੀ ਨੇ ਹੰਝੂਆਂ ਨੂੰ ਛੁੱਪਾ ਕੇ ਬੱਸ ਵਿੱਚ ਅੱਧੇ ਘੰਟੇ ਦਾ ਸਫ਼ਰ ਕੀਤਾ ਹੋਵੇਗਾ। ਕਿੰਝ ਉਹ ਥਾਣੇ ਸੂਚਨਾ ਦੇਣ ਗਏ ਹੋਣਗੇ ਉਫਫ... ਮੇਰਾ ਦਿਮਾਗ ਘੁੰਮਿਆ ਰਹਿੰਦਾ ਮੈਂ ਰਾਤਾਂ ਨੂੰ ਉਠ-ਉਠ ਕੇ ਦੌੜਦੀ। ਮੇਰਾ ਸਾਥੀ ਬਹੁਤ ਚੰਗਾ ਸੀ ਪਰ ਸੱਸ ਮਾੜੀ ਟੱਕਰੀ। ਸੋ ਡੈਡੀ ਦੀ ਯਾਦ ਹੋਰ ਸਤਾਉਂਦੀ ਆਖ਼ਿਰ... ਮੈਂ ਚੁੱਕਿਆ ਸਕੂਟਰ ਤੇ ਸਿੱਧੀ ਜਾ ਪਹੁੰਚੀ। ਸਭ ਬਹੁਤ ਰੋਏ, ਡੈਡੀ ਅੰਦਰੋਂ ਨਿਕਲੇ, ਰੋਂਦੇ-ਰੋਂਦੇ ਕਹਿਣ ਲੱਗੇ, ਦੱਸ ਮੇਰੇ ਨਾਲ ਤੂੰ ਚੰਗਾ ਕਰਕੇ ਗਈ ਹੈਂ" ਉਦੋਂ ਆਪਣੀ ਹੋਸ਼ 'ਚ ਮੈਂ ਪਹਿਲੀ ਵਾਰ ਆਪਣੇ ਡੈਡੀ ਨੂੰ ਸਿੱਧੀ ਜੱਫੀ ਪਾ ਲਈ ਤੇ ਰੋਣ ਲੱਗੀ । ਪੱਕਾ ਉਸ ਦਿਨ ਉਹ ਆਪਣੀ ਥਾਂ ਤੇ ਠੀਕ ਸੀ ਮੈਂ ਆਪਣੀ ਥਾਂ ਤੇ ਠੀਕ ਸੀ।

ਸਮਾਂ ਬੀਤਿਆਂ ਡੇਢ ਸਾਲ ਬਾਅਦ ਮੇਰੇ ਮੁੰਡਾ ਹੋਇਆ, ਡੈਡੀ ਸਾਰਾ ਦਿਨ ਭੁਖੇ-ਤਿਹਾਏ ਨਾਲ ਰਹੇ ਅੰਦਰ ਉਨ੍ਹਾਂ ਦੇ ਅੰਦਰ ਰੋਸਾ ਸੀ ਜ਼ਰੂਰ, ਪਰ ਬਾਹਰ ਨਾਂ ਜਤਾਉਂਦੇ । ਮੇਰੇ ਕਾਕੇ ਨੂੰ ਪਿਆਰ ਕਰਦੇ ਤੇ ਕਹਿੰਦੇ "ਦੁਨੀਆ ਬੜੇ ਰੰਗਾਂ ਦੀ ਹੈ"।

ਇਕ ਦਿਨ ਕਹਿੰਦੇ "ਜ਼ਾਰਾ ਬੇਟੇ ਆਪਣਾ ਸਮਾਨ ਲੈ ਜਾ" ਕੁੱਝ ਉਨ੍ਹਾਂ ਮੈਨੂੰ ਲੈ ਵੀ ਦਿੱਤਾ ਸੀ। ਪੰਜ ਲੱਖ ਜੋ ਮੇਰੇ ਹਿੱਸੇ ਦਾ ਜਮ੍ਹਾਂ ਰੱਖਿਆ ਸੀ ਉਹ ਵੀ ਦੇ ਦਿੱਤਾ ਸੀ। ਮੈਂ ਜੜ੍ਹ ਹੋ ਗਈ ਆਪਣੇ ਪਿਉ ਦਾ ਦਿਲ ਦੇਖ ਕੇ। ਆਪਣੇ ਡੈਡੀ ਦੀ ਮਹਾਨਤਾ ਦੇਖ ਕੇ ਮੈਂ ਕਿਹਾ "ਡੈਡੀ ਕੁੱਝ ਨਹੀਂ ਚਾਹੀਦਾ।" ਕਹਿੰਦੇ ਨਹੀਂ "ਲੈ ਜਾ" ਮੈਂ ਕਿਹਾ ਡੈਡੀ ਹੋਰ ਕੁੱਝ ਨਹੀਂ ਬਸ ਉਹ ਖੇਸ, ਦਰੀਆਂ ਤੇ ਚਿੱਟਾ ਸੰਗਮਰਮਰ ਦਾ ਚੱਕਲਾ ਲੈ ਜਾਂਦੀ ਹਾਂ, ਕਿਉਂਕਿ ਉਨ੍ਹਾਂ 'ਚ ਤੁਹਾਡੀਆਂ ਦੁਆਵਾਂ ਤੇ ਖ਼ੂਨ-ਪਸੀਨਾ ਰਲਿਆ ਹੈ, ਤੇ ਅਸਾਂ ਦੋਹਾਂ ਨੇ ਹਉਕੇ ਲਏ, ਅੱਜ ਅਸੀਂ ਦੋਵੇਂ ਹੀ ਠੀਕ ਸੀ।

## ਸ਼ਬਦਾਂ ਦੇ ਸੰਜੋਗ

### ਮੁਕਤੀ/ਹਰਬਖ਼ਸ਼ ਸਿੰਘ ਟਾਹਲੀ

ਮੁਕਤੀ ਭੇਖ ਵਿਚ ਨਹੀਂ ਸਾਧਨਾ ਵਿਚ ਹੈ
ਸਾਧਨਾ, ਮਨੁੱਖੀ ਤ੍ਰਿਸ਼ਨਾ ਨੂੰ ਸੋਧਣ ਦਾ ਨਾਮ ਹੈ,
ਭੇਖ, ਜਗਤ ਵਿਖਾਵਾ ਹੈ ਜਿਹੜਾ ਪਰਦਾ ਪਾਉਂਦਾ ਹੈ
ਤ੍ਰਿਸ਼ਨਾ ਦੇ ਉਬਲਦੇ ਭਾਂਡੇ ਉੱਪਰ।
ਭੇਖ ਕਲੋਲਾਂ ਕਰਦਾ ਹੈ ਮੋਹ ਦੀਆਂ ਤੰਦਾਂ ਨਾਲ
ਭੇਖੀ ਮਨੁੱਖ ਚਲਾ ਸਕਦੇ ਹਨ-ਸੰਪਰਦਾਵਾਂ, ਧਰਮ ਨਹੀਂ।
ਧਰਮ ਦੀ ਇਮਾਰਤ ਸੋਧੇ ਹੋਏ ਆਚਰਨ ਉੱਤੇ ਉਸਰਦੀ ਹੈ।
ਜਿਨ੍ਹਾਂ ਨੇ ਧਰਮ ਉਸਾਰੇ ਹਨ ਉਨ੍ਹਾਂ ਦੇ ਆਚਰਨ ਦੇਖੋ
ਉਬਲਦੀਆਂ ਦੇਗਾਂ ਵਿਚ ਉਬਾਲੇ ਗਏ ਅਤੇ
ਵੱਖ ਕਰਾ ਗਏ ਸੀਸ ਧੜਾਂ ਤੋਂ।
ਨੀਹਾਂ ਵਿਚ ਬੱਚੇ ਚਿਣਵਾ ਕੇ ਵੀ ਕਿਹਾ
ਯਾਰੜੇ ਦਾ ਸਾਨੂੰ ਸੱਥਰ ਚੰਗਾ
ਪਰ ਭੇਖੀ ਮਨੁੱਖ ਸ਼ੈਤਾਨ ਮਨ ਦੀ ਤ੍ਰਿਪਤੀ ਲਈ
ਜਗਾੜ ਬਣਾਉਂਦਾ ਹੈ ਅਤੇ ਲੋਕਾਂ ਨੂੰ ਦਿੰਦਾ
ਹੈ ਅਸ਼ੀਰਵਾਦਾਂ ਮੁਕਤੀ ਦੀਆਂ
ਜਿਹੜੀਆਂ ਮੁਕਤੀ ਸਾਧਨਾ ਤੋਂ ਬਿਨਾਂ ਪ੍ਰਗਟ ਨਹੀਂ ਹੁੰਦੀ।

# BABA MAKHAN SHAH LOBANA FOUNDATION (Regd.)

**BHAI NADU SHAH LOBANA MISSIONARY DENTAL CLINIC**

**SECTOR-30A, CHANDIGARH PH:01722972340, 7347065188**

**Email:lobanafoundation@gmail.com**



**Timings - 9AM - 1PM (MON-FRI)**

**Consultation Fees - Rs.20/-**

## TREATMENTS OFFERED

- ROOT CANAL TREATMENT
- TOOTH COLOURED FILLING
- DENTAL IMPLANTS
- SCALING AND POLISHING
- TEETH WHITENING
- PAINLESS EXTRACTIONS
- WISDOM TOOTH REMOVAL
- TOOTH CAPPING AND FIXED TEETH REPLACEMENT
- DENTURES
- TRAUMATIC INJURIES DENTAL

*"EVERY TOOTH IN A MAN'S MOUTH IS MORE VALUABLE THAN A DIAMOND."*

DR AMRIT KAUR PELIA BDS,MDS
ORAL & MAXILLOFACIAL SURGEON
MEMBER OF AOMSI

# ਆਓ ਜਾਣੀਏ !

**ਇੰਜ. ਪਰਮਿੰਦਰਜੀਤ ਸਿੰਘ**
**ਐਡੀਸ਼ਨਲ ਚੀਫ਼ ਐਡੀਟਰ**

## (1) ਬੰਟੇ ਖੇਡਣਾ

ਬੰਟੇ ਖੇਡਣਾ ਵੀ ਪੰਜਾਬ ਕੀ ਪੂਰੇ ਹਿੰਦੋਸਤਾਨ ਵਿਚ ਇੱਕ ਹਰਮਨ ਪਿਆਰੀ ਖੇਡ ਹੁੰਦੀ ਸੀ। ਇਸ ਨੂੰ ਖੇਡਣ ਵਾਸਤੇ ਘੱਟੋ ਘੱਟ ਦੋ ਖਿਡਾਰੀ ਜਾਂ ਇਸ ਤੋਂ ਜ਼ਿਆਦਾ ਜਿੰਨੇ ਮਰਜ਼ੀ ਹੋ ਸਕਦੇ ਸਨ। ਇਹ ਖੇਡ ਕਈ ਰੂਪਾਂ ਵਿੱਚ ਖੇਡੀ ਜਾਂਦੀ ਸੀ। ਖੇਡਣ ਵਾਸਤੇ ਜ਼ਮੀਨ ਤੇ ਇੱਕ ਛੋਟਾ ਜਿਹਾ ਟੋਆ (ਖੁੱਤੀ) ਬਣਾਈ ਜਾਂਦੀ। ਇਸ ਖੁੱਤੀ ਤੋਂ ਗਿੱਠ ਕੁ ਜਾਂ ਥੋੜ੍ਹੀ ਵੱਧ ਘੱਟ ਦੂਰੀ ਤੇ ਇੱਕ ਲੀਕ ਮਾਰੀ ਜਾਂਦੀ ਜਿਸ ਨੂੰ ਮੋੜੇ ਕਿਹਾ ਜਾਂਦਾ ਸੀ। ਇਸੇ ਤਰ੍ਹਾਂ ਖੁੱਤੀ ਤੋਂ ਚਾਰ ਕੁ ਫੁੱਟ ਜਾਂ ਥੋੜ੍ਹੀ ਬਹੁਤ ਵੱਧ ਘੱਟ ਦੂਰੀ ਤੇ ਇਕ ਹੋਰ ਲੀਕ ਵਾਹੀ ਜਾਂਦੀ ਜਿਸ ਨੂੰ ਪੈਂਤੜਾ ਕਿਹਾ ਜਾਂਦਾ ਸੀ। ਇਸ ਪੈਂਤੜੇ ਤੇ ਖਲੋ ਕੇ ਬੰਟੇ (ਕੱਚ ਦੀਆਂ ਗੋਲੀਆਂ) ਖਿਡਾਰੀਆਂ ਵਲੋਂ ਖੁੱਤੀ ਵੱਲ ਰੇੜ੍ਹੇ ਜਾਂਦੇ ਸਨ। ਖੇਡ ਸ਼ੁਰੂ ਹੋਣ ਤੋਂ ਪਹਿਲਾਂ ਸਾਰੇ ਖਿਡਾਰੀ ਪੈਂਤੜੇ ਤੇ ਖੜ੍ਹੇ ਹੋ ਕੇ ਇੱਕ-ਇੱਕ ਬੰਟਾ ਖੁੱਤੀ ਵੱਲ ਰੇੜ੍ਹਦੇ। ਜਿਸ ਖਿਡਾਰੀ ਦਾ ਬੰਟਾ ਖੁੱਤੀ ਵਿੱਚ ਪੈ ਜਾਂਦਾ ਜਾਂ ਖੁੱਤੀ ਦੇ ਸੱਭ ਤੋਂ ਵੱਧ ਨੇੜੇ ਹੁੰਦਾ ਉਹ ਖਿਡਾਰੀ ਪਹਿਲੀ ਵਾਰੀ ਲੈਂਦਾ। ਇਸੇ ਤਰ੍ਹਾਂ ਖੁੱਤੀ ਤੋਂ ਦੂਰੀ ਦੇ ਹਿਸਾਬ ਨਾਲ ਖਿਡਾਰੀਆਂ ਦੀਆਂ ਵਾਰੀਆਂ ਬੰਨ੍ਹੀਆਂ ਜਾਂਦੀਆਂ। ਇਸ ਤਰ੍ਹਾਂ ਇਹ ਖੇਡ ਨਿਰੰਤਰ ਚੱਲਦੀ ਰਹਿੰਦੀ ਸੀ।



ਬੰਟਿਆਂ ਦੀ ਇੱਕ ਖੇਡ ਨੱਕਾ ਪੂਰ ਵੀ ਪ੍ਰਚੱਲਿਤ ਸੀ ਜਿਸ ਵਿਚ ਵੀ ਦੋ ਖਿਡਾਰੀ ਜਾਂ ਇਸ ਤੋਂ ਵੱਧ ਤਿੰਨ ਜਾਂ ਚਾਰ ਖਿਡਾਰੀ ਖੇਡ ਸਕਦੇ ਸਨ। ਬੰਟਿਆਂ ਦੀ ਇਕ ਹੋਰ ਖੇਡ ਕਲੀ ਜੋਟਾ ਦੇ ਰੂਪ ਵਿੱਚ ਵੀ ਖੇਡੀ ਜਾਂਦੀ ਸੀ ਜਿਸ ਵਿਚ ਸਿਰਫ਼ ਦੋ ਖਿਡਾਰੀ ਹੀ ਖੇਡ ਸਕਦੇ ਸਨ। ਇਹ ਖੇਡ ਬਹੁਤ ਹੀ ਦਿਲਚਸਪ ਸੀ।

ਬੰਟੇ ਹੋਰ ਵੀ ਤਰੀਕੇ ਨਾਲ ਖੇਡੇ ਜਾਂਦੇ ਸਨ ਜਿਵੇਂ ਇੱਕ ਛੋਟੇ ਜਿਹੇ ਦਾਇਰੇ ਵਿੱਚ ਸਾਰੇ ਖਿਡਾਰੀਆਂ ਵੱਲੋਂ ਬਰਾਬਰ ਬੰਟੇ ਰੱਖ ਦਿੱਤੇ ਜਾਂਦੇ ਸਨ। ਇਸ ਤੋਂ ਬਾਦ ਸਾਰੇ ਖਿਡਾਰੀ ਇੱਕ-ਇੱਕ ਬੰਟਾ ਪਾ ਕੇ ਕੋਈ ਖਿਡਾਰੀ ਦੋਹਾਂ ਹੱਥਾਂ ਦੇ ਬੰਦ ਬੁੱਕ ਵਿੱਚ ਬੰਟੇ ਲੈ ਕੇ ਖੜ੍ਹਕਾਉਂਦਾ ਹੋਇਆ ਦੂਰ ਸੁੱਟਦਾ। ਜਿਸ ਖਿਡਾਰੀ ਦਾ ਬੰਟਾ ਦਾਇਰੇ ਤੋਂ ਸਭ ਤੋਂ ਵੱਧ ਦੂਰ ਹੁੰਦਾ ਉਹ ਆਪਣਾ ਇੱਕ ਹੱਥ ਦਾ ਅੰਗੂਠਾ ਬੰਟੇ ਵਾਲੇ ਥਾਂ ਰੱਖ ਕੇ ਉਸੇ ਹੱਥ ਦੀ ਕਿਸੇ ਉਂਗਲੀ ਤੇ ਬੰਟਾ ਟਿਕਾ ਕੇ ਅਤੇ ਬੰਟਾ ਫੜ ਕੇ ਉਂਗਲ ਨੂੰ ਪਿੱਛੇ ਖਿੱਚ ਕੇ ਜਿਵੇਂ ਧਨੁਸ਼ ਦੇ ਡੋਰੇ ਵਿਚੋਂ ਬਾਣ (ਤੀਰ) ਛੱਡਿਆ ਜਾਂਦਾ ਹੈ ਇਸੇ ਤਰ੍ਹਾਂ ਬੰਟੇ ਨੂੰ ਛੱਡਦਾ। ਇਹ ਬੰਟਾ ਕਿਸੇ ਦੂਸਰੇ ਖਿਡਾਰੀ ਦੇ ਬੰਟੇ ਨੂੰ ਨਿਸ਼ਾਨਾ ਲਾਉਣ ਦੀ ਨੀਅਤ ਨਾਲ ਉਸ ਸੇਧ ਵਿੱਚ ਛੱਡਿਆ ਜਾਂਦਾ ਜਾਂ ਫਿਰ ਦਾਇਰੇ ਦੇ ਬੰਟਿਆਂ ਨੂੰ ਨਿਸ਼ਾਨਾ ਲਾਉਣ ਦੀ ਨੀਅਤ ਨਾਲ ਦਾਇਰੇ ਦੀ ਸੇਧ ਵਿਚ ਵੀ ਛੱਡਿਆ ਜਾ ਸਕਦਾ ਸੀ। ਜੇਕਰ ਕਿਸੇ ਖਿਡਾਰੀ ਦੇ ਬੰਟੇ ਨੂੰ ਨਿਸ਼ਾਨਾ ਬਣਾ ਲਿਆ ਜਾਂਦਾ ਤਾਂ ਨਿਸ਼ਾਨਾ ਮਾਰਨ ਵਾਲਾ ਖਿਡਾਰੀ ਨਿਸ਼ਾਨਾ ਵੱਜਣ ਵਾਲੇ ਖਿਡਾਰੀ ਤੋਂ ਨਿਯਤ ਮਾਤਰਾ ਵਿੱਚ ਬੰਟੇ ਲੈਂਦਾ ਅਤੇ ਆਪਣੀ ਵਾਰੀ ਵੀ ਕਾਇਮ ਰੱਖਦਾ। ਇਸ ਤਰ੍ਹਾਂ ਇਹ ਖੇਡ ਨਿਰੰਤਰ ਚੱਲਦੀ ਰਹਿੰਦੀ।

ਪਰ ਹੁਣ ਬਾਕੀ ਹੋਰ ਸਾਰੀਆਂ ਖੇਡਾਂ ਵਾਂਗ ਬੰਟੇ ਖੇਡਣਾ ਵੀ ਅਲੋਪ ਹੋ ਚੁੱਕਾ ਹੈ।

### ਬੇਨਤੀ

**'ਲੁਬਾਣਾ ਸੇਵਕ' ਮੈਗਜ਼ੀਨ ਪੜ੍ਹਨ ਵਾਲੇ ਸਾਰੇ ਪਾਠਕਾਂ ਨੂੰ ਬੇਨਤੀ ਹੈ ਕਿ ਉਹ ਮੈਗਜ਼ੀਨ ਪੜ੍ਹ ਕੇ ਇਸ ਵਿਚ ਛਪੇ ਮੈਟਰ ਬਾਰੇ ਆਪਣੇ ਸੁਝਾਅ ਦਿਉ। ਧੰਨਵਾਦ।**

**-ਸੰਪਾਦਕ**

## (2) ਪ੍ਰਸ਼ਨ-ਉੱਤਰ

1. ਪੰਜਾਬ ਦੀ ਵੰਡ ਤੋਂ ਬਾਅਦ ਸ਼ਰਨਾਰਥੀਆਂ ਲਈ ਸਭ ਤੋਂ ਵੱਡਾ ਸ਼ਰਨਾਰਥੀ ਕੈਂਪ ਕਿੱਥੇ ਸਥਾਪਤ ਕੀਤਾ ਗਿਆ?

ੳ) ਅੰਮ੍ਰਿਤਸਰ ਅ) ਜਲੰਧਰ

ੲ) ਕੁਰੂਕਸ਼ੇਤਰ ਸ) ਅੰਬਾਲਾ ੲ

2. ਪੰਜਾਬੀ ਸੂਬੇ ਦੀ ਹੱਦਬੰਦੀ ਲਈ ਕਿਹੜਾ ਕਮਿਸ਼ਨ ਬਣਾਇਆ ਗਿਆ?

ੳ) ਦਾਸ ਕਮਿਸ਼ਨ ਅ) ਪੰਜਾਬੀ ਸੂਬਾ ਕਮਿਸ਼ਨ

ੲ) ਸਰ ਕਮਿਸ਼ਨ ਸ) ਸ਼ਾਹ ਕਮਿਸ਼ਨ ਸ

3. ਪੰਜਾਬ ਰਾਜ ਪੁਨਰਗਠਨ ਐਕਟ ਕਦੋਂ ਪਾਸ ਹੋਇਆ?

ੳ) 1966 ਅ) 1952

ੲ) 1962 ਸ) 1956 ੳ

4. ਰਿਜ਼ਨਲ ਫਾਰਮੂਲਾ ਕਦੋਂ ਹੋਂਦ ਵਿਚ ਆਇਆ?

ੳ) 1952 ਅ) 1957

ੲ) 1949 ਸ) 1953 ਅ

5. ਪੰਜਾਬੀ ਸੂਬੇ ਦੀ ਮੰਗ ਪਹਿਲੀ ਵਾਰ ਕਦੋਂ ਉੱਠੀ?

ੳ) 1952 ਅ) 1947

ੲ) 1949 ਸ) 1943 ੲ

6. ਸਭ ਤੋਂ ਪਹਿਲਾਂ ਸੁਤੰਤਰ ਖ਼ਾਲਸਾ ਰਾਜ ਦੀ ਮੰਗ ਕਿਸ ਨੇ ਕੀਤੀ?

ੳ) ਮਾਸਟਰ ਤਾਰਾ ਸਿੰਘ ਅ) ਉੱਜਲ ਸਿੰਘ

ੲ) ਬਾਬਾ ਗੁਰਦਿੱਤ ਸਿੰਘ ਸ) ਸ. ਬਲਦੇਵ ਸਿੰਘ ੲ

7. ਆਜ਼ਾਦ ਪੰਜਾਬ ਸਕੀਮ ਨੂੰ ਕਿਸ ਨੇ ਪੇਸ਼ ਕੀਤਾ?

ੳ) ਸੰਤ ਫਤਿਹ ਸਿੰਘ ਅ) ਮਾਸਟਰ ਤਾਰਾ ਸਿੰਘ

ੲ) ਬਾਬਾ ਗੁਰਦਿੱਤ ਸਿੰਘ ਸ) ਯਾਦਵਿੰਦਰ ਸਿੰਘ ਅ

8. ਪੰਜਾਬ ਪੁਲਿਸ ਦਾ ਗਠਨ ਕਦੋਂ ਹੋਇਆ?

ੳ) 1861 ਅ) 1966

ੲ) 1952 ਸ) 1857 ੳ

9. ਵੰਡ ਤੋਂ ਬਾਦ ਸੰਯੁਕਤ ਪੰਜਾਬ ਦੇ ਕੁੱਲ ਖੇਤਰਫਲ ਦਾ ਕਿੰਨਾਂ ਪ੍ਰਤੀਸ਼ਤ ਪੰਜਾਬ ਦੇ ਹਿੱਸੇ ਆਇਆ ਸੀ?

ੳ) 62% ਅ) 38%

ੲ) 58% ਸ) 42% ਅ

10. ਪੂਰਬੀ ਤੇ ਪੱਛਮੀ ਪੰਜਾਬ ਦੀ ਹੱਦਬੰਦੀ ਸਬੰਧੀ ਕਮਿਸ਼ਨ ਦੀ ਪ੍ਰਧਾਨਗੀ ਕਿਸ ਨੇ ਕੀਤੀ?

ੳ) ਸਰ ਰੈਡਕਿਲਫ ਅ) ਜਸਟਿਸ ਮੇਹਰ ਚੰਦ

ੲ) ਜਸਟਿਸ ਦੀਨ ਮੁਹੰਮਦ ਸ) ਜਸਟਿਸ ਤੇਜਾ ਸਿੰਘ ੳ

ਸਿਹਤ ਸੰਭਾਲ

# ਨਸ਼ਿਆਂ ਦੇ ਹੱਕ ਵਿਚ ਗੁਮਰਾਹਕੁੰਨ ਇਸ਼ਤਿਹਾਰਬਾਜ਼ੀ

ਡਾ. ਰਜਿੰਦਰ ਸਿੰਘ



ਸ਼ਰਾਬ ਲੋਕਾਂ ਦੇ ਦਿਲਾਂ ਦੀ ਧੜਕਨ ਬਣੀ ਰਹੇ ਅਤੇ ਵੱਧ ਤੋਂ ਵੱਧ ਲੋਕ ਸਿਗਰਟ, ਬੀੜੀ, ਜ਼ਰਦਾ ਆਦਿ ਦੀ ਵਾਦੀ ਸਹੇੜਨ, ਇਹੀ ਇਨ੍ਹਾਂ ਦੇ ਨਿਰਮਾਤਾ ਉਦਯੋਗਪਤੀਆਂ ਦੀ ਪ੍ਰਬਲ ਮਨੋਕਾਮਨਾ ਹੁੰਦੀ ਹੈ। ਆਪਣੇ ਮਾਲ ਨੂੰ ਲੋਕ-ਪ੍ਰਿਯ ਬਣਾਉਣ ਤੇ ਗਾਹਕੀ ਵਧਾਉਣ ਲਈ ਉਹ ਅਨੇਕ ਕੋਝੀਆਂ ਚਾਲਾਂ ਚਲਦੇ ਤੇ ਹੱਥਕੰਡੇ ਵਰਤਦੇ ਹਨ। ਅਖ਼ਬਾਰਾਂ, ਰਸਾਲਿਆਂ ਤੇ ਇਲੈਕਟ੍ਰਾਨਿਕ ਮੀਡੀਆ ਰਾਹੀਂ ਗੁੰਮਰਾਹਕੁੰਨ ਇਸ਼ਤਿਹਾਰਬਾਜ਼ੀ, ਜਿਸ ਉੱਤੇ ਉਹ ਕਰੋੜਾਂ ਰੁਪਏ ਖਰਚ ਕਰਦੇ ਹਨ, ਇਨ੍ਹਾਂ ਵਿੱਚੋਂ ਮੁੱਖ ਹੈ। ਜਨਤਾ ਨੂੰ ਇਨ੍ਹਾਂ ਨਸ਼ਿਆਂ ਵੱਲ ਆਕਰਸ਼ਿਤ ਕਰਕੇ ਇਨ੍ਹਾਂ ਦਾ ਗ਼ੁਲਾਮ ਬਣਾਉਣਾ ਤੇ ਫਿਰ ਜੀਵਨ ਭਰ ਉਸ ਦੇ ਖੀਸੇ ਕੱਟਣਾ, ਉਨ੍ਹਾਂ ਦਾ ਮੁੱਖ ਪ੍ਰਯੋਜਨ ਹੁੰਦਾ ਹੈ। ਯੁਵਾ ਵਰਗ ਉਨ੍ਹਾਂ ਦਾ ਮੁੱਖ ਨਿਸ਼ਾਨਾ ਹੁੰਦਾ ਹੈ। ਹੋਰ ਤਾਂ ਹੋਰ ਮਾਸੂਮ ਬੱਚਿਆਂ ਨੂੰ ਵੀ ਉਹ ਬਖ਼ਸ਼ਣਾ ਨਹੀਂ ਚਾਹੁੰਦੇ। ਭਲੇ ਹੀ ਆਉਣ ਵਾਲੀਆਂ ਨਸਲਾਂ ਕਮਜ਼ੋਰ ਤੇ ਬਿਮਾਰ ਰਹਿਣ, ਜੀਵਨ-ਮਿਆਰ ਨੂੰ ਢਾਹ ਲੱਗੇ ਤੇ ਮੌਤ ਦਰ ਵਿਚ ਵਾਧਾ ਹੋਏ, ਇਸ ਨਾਲ ਉਨ੍ਹਾਂ ਦੀ ਜ਼ਮੀਰ ਨੂੰ ਕੋਈ ਸਰੋਕਾਰ ਨਹੀਂ। "ਕੋਈ ਮਰੇ ਕੋਈ ਜੀਵੇ, ਸੁਥਰਾ ਘੋਲ ਪਤਾਸੇ ਪੀਵੇ।" ਮਨੁੱਖਾ ਸੰਤਾਪ ਵਿਚੋਂ ਲਾਹਾ ਖੱਟਣ ਦੀ ਪ੍ਰਵਿਰਤੀ ਹੀ ਉਨ੍ਹਾਂ ਦੀ ਦੌਲਤਮੰਦੀ ਦਾ ਰਾਜ਼ ਹੈ। ਇਸ ਮਸਲੇ ਪ੍ਰਤੀ ਜਨ-ਸਾਧਾਰਨ ਦੀ ਨਾਸਮਝੀ ਅਤੇ ਸਰਕਾਰ ਦੀ ਅਲਗਰਜ਼ੀ ਦਾ ਉਹ ਪੂਰਾ ਲਾਭ ਉਠਾਉਂਦੇ ਹਨ।

ਅਖ਼ਬਾਰਾਂ ਤੇ ਰਸਾਲਿਆਂ ਵਿਚ ਸਿਗਰਟ ਦੇ ਵੱਡੇ-ਵੱਡੇ (ਅਕਸਰ ਅੱਧੇ ਸਫ਼ੇ ਦੇ) ਇਸ਼ਤਿਹਾਰ ਛਪਦੇ ਹਨ। ਇਨ੍ਹਾਂ ਨੂੰ ਤਿਆਰ ਕਰਨ ਵਿਚ ਬੜੀ ਚਤੁਰਾਈ ਤੋਂ ਕੰਮ ਲਿਆ ਜਾਂਦਾ ਹੈ। ਇਹ ਬੜੇ ਖ਼ੂਬਸੂਰਤ ਬਹੁਰੰਗੇ ਚਿੱਤਰਾਂ ਦੇ ਰੂਪ ਵਿਚ ਹੁੰਦੇ ਹਨ ਅਤੇ ਇਨ੍ਹਾਂ ਉੱਤੇ ਛਪੇ ਸੰਦੇਸ਼ ਵੀ ਕੋਈ ਘੱਟ ਪ੍ਰਭਾਵਸ਼ਾਲੀ ਨਹੀਂ ਹੁੰਦੇ। ਅਪ੍ਰੌਢ ਮਨ 'ਤੇ ਤਾਂ ਇਹ ਸਿੱਧਾ ਅਸਰ ਕਰਦੇ ਹਨ। ਦਰਸ਼ਕ ਦੇ ਭੇਜੇ ਵਿਚ ਇਹ ਗੱਲ ਬਿਠਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਸਿਗਰਟ ਪੀਣਾ ਇਕ ਨਾਰਮਲ ਤੇ ਨਿਰੋਆ ਵਿਵਹਾਰ ਹੈ ਅਤੇ ਸਮਾਜਕ ਤੇ ਪੇਸ਼ਾਵਾਰ ਕਾਮਯਾਬੀ ਦੀ ਕੁੰਜੀ ਹੈ। ਇਸ ਗੱਲ ਦਾ ਵੀ ਭਰੂਪਰ ਪ੍ਰਯਾਸ ਕੀਤਾ ਜਾਂਦਾ ਹੈ ਕਿ ਸਿਹਤ ਉੱਤੇ ਸਿਗਰਟ ਦੇ ਹਾਨੀਕਾਰਕ ਪ੍ਰਭਾਵਾਂ ਦੀ ਨਾਖ਼ੁਸ਼ਗਵਾਰ ਹਕੀਕਤ ਵੱਲ ਉਸ ਦਾ ਧਿਆਨ ਹੀ ਨਾ ਜਾਏ। ਇਨ੍ਹਾਂ ਵਿਚ ਸਿਗਰਟ ਪੀਣ ਵਾਲੇ ਵਿਅਕਤੀਆਂ ਦੀ ਬੜੀ ਮਨਮੋਹਕ ਤੇ ਸਕਾਰਾਤਮਕ ਪ੍ਰਤਿਮਾ (Positive Image) ਉਭਾਰੀ ਜਾਂਦੀ ਹੈ, ਤਾਂ ਜੁ ਦਰਸ਼ਕ ਮਹਿਸੂਸ ਕਰਨ ਕਿ ਸਿਗਰਟ ਨਾ ਪੀਣਾ ਐਵੇਂ ਆਪਣੀ ਜ਼ਿੰਦਗੀ ਨੂੰ ਹਕੀਕੀ ਲੁਤਫ਼ ਤੇ ਸ਼ਾਨ-ਸ਼ੌਕਤ ਤੋਂ ਮਹਿਰੂਮ ਰੱਖਣ ਦੇ ਤੁੱਲ ਹੈ। ਭਾਵੇਂ ਇਸ਼ਤਿਹਾਰ ਥੱਲੇ ਇਕ ਪਾਸੇ ਵਿਧਾਨਿਕ ਚੇਤਾਵਨੀ "ਸਿਗਰਟ ਪੀਣਾ ਸਿਹਤ ਲਈ ਹਾਨੀਕਾਰਕ ਹੈ" ਬਰੀਕ ਸ਼ਬਦਾਂ ਵਿਚ ਛਪੀ ਹੁੰਦੀ ਹੈ, ਪਰੰਤੂ ਆਮ ਤੌਰ 'ਤੇ ਕਿਸੇ ਦੀ ਨਜ਼ਰ ਇਸ 'ਤੇ ਨਹੀਂ ਪੈਂਦੀ ਜੰ ਇਹ ਬਹੁਤ ਨਿਗੂਣੀ ਜਾਪਦੀ ਹੈ।

ਇਨ੍ਹਾਂ ਇਸ਼ਤਿਹਾਰਾਂ ਵਿਚ ਆਮ ਤੌਰ 'ਤੇ ਸਿਗਰਟ ਪੀਂਦੇ ਇਕ ਪ੍ਰਸੰਨ, ਸ਼ਾਂਤ-ਸੰਤੁਸ਼ਟ ਆਧੁਨਿਕ ਛਬੀਲੇ ਨੌਜਵਾਨ ਦੇ ਦਰਸ਼ਨ ਹੁੰਦੇ ਹਨ ਅਤੇ ਉਸ ਦੀ ਸਾਥਨ ਸੁੰਦਰ, ਸਜੀਲੀ ਮੁਟਿਆਰ ਦੀਆਂ ਅੱਖਾਂ 'ਚੋਂ ਉਸ ਦੇ ਅੰਦਾਜ਼ ਪ੍ਰਤੀ ਪ੍ਰਸੰਸ਼ਾ ਦੇ ਭਾਵ ਡੁਲ੍ਹ-ਡੁਲ੍ਹ ਪੈਂਦੇ ਦਿਸਦੇ ਹਨ। ਕਈ ਵਾਰ ਝੀਲ ਦਾ ਕਿਨਾਰਾ ਜਾਂ ਪਰਬਤ ਦੀ ਪ੍ਰਿਸ਼ਠ-ਭੂਮੀ ਸ਼ਾਂਤ ਵਾਤਾਵਰਣ ਕਾਰਨ ਪ੍ਰਭਾਵ ਵਿਚ ਹੋਰ ਵੀ ਵਾਧਾ ਹੋ ਜਾਂਦਾ ਹੈ। ਇਹ ਪ੍ਰਭਾਵ ਪਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਸਿਗਰਟ ਦੇ ਸੁਮੇਲ ਤੋਂ ਵਿਅਕਤਿਤਵ ਨੂੰ ਚਾਰ ਚੰਨ ਲੱਗ ਜਾਂਦੇ ਹਨ। ਸਿਗਰਟਨੋਸ਼ੀ ਨੂੰ ਆਧੁਨਿਕਤਾ, ਬਾਂਕਪਣ, ਸਾਹਸ, ਮਰਦਾਨਗੀ ਤੇ ਸਫਲ ਪ੍ਰਸੰਨ ਜੀਵਨ ਦੇ ਪ੍ਰਤੀਕ ਵਜੋਂ ਪੇਸ਼ ਕੀਤਾ ਜਾਂਦਾ ਹੈ।

ਇਸਤਰੀਆਂ ਵਿਚ ਸਿਗਰਟਨੋਸ਼ੀ ਨੂੰ ਫ਼ਰੋਗ਼ ਦੇਣ ਲਈ ਇਸ਼ਤਿਹਾਰਾਂ ਅਤੇ ਫ਼ਿਲਮੀ ਦ੍ਰਿਸ਼ਾਂ ਵਿਚ ਸਿਗਰਟ ਪੀਣ ਵਿਚ ਵਿਅਸਤ ਫੈਸ਼ਨੇਬਲ ਯੁਵਤੀ ਨੂੰ ਅਕਸਰ ਇਕ ਆਜ਼ਾਦ-ਖਿਆਲ, ਅਗਾਂਹ-ਵਧੂ, ਸਫਲ ਤੇ ਆਧੁਨਿਕ ਸੁੰਦਰੀ ਜਾਂ ਚੰਚਲ ਕਾਮਨੀ ਦਾ ਰੂਪ ਦਿੱਤਾ ਜਾਂਦਾ ਹੈ। ਨਾਰੀ ਨੂੰ ਇਹ ਚਸਕਾ ਲਾਉਣ ਲਈ MS ਨਾਂ ਦਾ ਸਿਗਰਟ ਮਾਰਕੀਟ ਵਿਚ ਲਿਆਂਦਾ ਗਿਆ ਹੈ। ਭਾਵੇਂ ਇਹ ਸਿਗਰਟ ਹੋਰ ਬਰਾਂਡਾਂ ਤੋਂ ਕਿਸੇ ਤਰ੍ਹਾਂ ਭਿੰਨ

ਨਹੀਂ, ਪਰੰਤੂ ਵਿਗਿਆਪਨਾਂ ਵਿਚ ਇਸ ਨੂੰ ਨਾਰੀ ਲਈ ਇਕੋ ਇਕ ਤੇ ਆਦਰਸ਼ਕ ਸਿਗਰਟ ਦਸ ਕੇ ਵਡਿਆਈ ਗਿਆ ਹੈ। ਪੱਛਮੀ ਦੇਸ਼ਾਂ ਵਿਚ ਤੰਬਾਕੂ ਉਦਯੋਗਪਤੀਆਂ ਨੇ ਚਤੁਰ ਇਸ਼ਤਿਹਾਰਬਾਜ਼ੀ ਦਾ ਇਕ ਨਵਾਂ ਗੁੱਲ ਖਿਲਾਇਆ ਹੈ। ਉਹ ਇਸ ਗੱਲੋਂ ਸੁਚੇਤ ਹਨ ਕਿ ਆਧੁਨਿਕ ਨਾਰੀ ਵਿਚ ਸਰੀਰ ਨੂੰ ਪਤਲਾ ਰੱਖਣ ਦਾ ਸ਼ੌਕ ਜਨੂਨ ਦੀ ਹੱਦ ਤੱਕ ਪਹੁੰਚਾਇਆ ਗਿਆ ਹੈ ਅਤੇ ਉਹ ਮੰਤਵ-ਸਿੱਧੀ ਲਈ ਕੋਈ ਵੀ ਕੀਮਤ ਚੁਕਾਉਣ ਲਈ ਤਿਆਰ ਰਹਿੰਦੀ ਹੈ। ਉਹ ਇਹ ਵੀ ਜਾਣਦੇ ਹਨ ਕਿ ਤੰਬਾਕੂ-ਸੇਵਨ ਭੁੱਖ ਘਟਾਉਂਦਾ ਹੈ। ਇਨ੍ਹਾਂ ਤੱਥਾਂ ਨੂੰ ਮੁੱਖ ਰੱਖ ਕੇ ਉਨ੍ਹਾਂ ਨੇ 'ਵਰਜਿਨੀਆ ਸਲਿਮ' (Virginia-Slim) ਨਾਮੀ ਸਿਗਰਟ ਜਾਰੀ ਕੀਤਾ ਅਤੇ ਚੰਟ ਇਸ਼ਤਿਹਾਰਬਾਜ਼ੀ ਰਾਹੀਂ ਨਾਰੀ ਨੂੰ ਮਸ਼ਵਰਾ ਦਿੱਤਾ ਕਿ ਇਸ ਦਾ ਸੇਵਨ ਕਰਕੇ ਉਹ ਆਪਣਾ ਸਰੀਰ ਇਕਹਿਰਾ ਤੇ ਸਡੌਲ ਬਣਾਈ ਰੱਖੇ ("Why not puff and keep fat away?")। ਉਂਜ ਇਸ ਸਿਗਰਟ ਤੇ ਹੋਰ ਬਰਾਂਡਾਂ ਵਿਚ ਵੀ ਕੋਈ ਫ਼ਰਕ ਨਹੀਂ। ਕੇਵਲ ਇਕ ਵੱਖਰਾ ਨਾਂ ਦੇ ਕੇ ਇਸ ਨੂੰ ਵਿਸ਼ੇਸ਼ ਅਰਥ ਜਾਂ ਪ੍ਰਯੋਜਨ ਦੇ ਦਿੱਤਾ ਗਿਆ ਹੈ।

ਵਿਸ਼ਵ ਸਿਹਤ ਸੰਗਠਨ (WHO) ਬੱਚਿਆਂ ਨੂੰ ਤੰਬਾਕੂ-ਨੋਸ਼ੀ ਵਿਰੁੱਧ ਸਿੱਖਿਅਤ ਕਰਨ ਦੀ ਲੋੜ 'ਤੇ ਵਿਸ਼ੇਸ਼ ਬਲ ਦਿੰਦਾ ਰਿਹਾ ਹੈ, ਕਿਉਂਕਿ ਨਵੀਨ ਵਿਗਿਆਨਕ ਖੋਜ ਦੱਸਦੀ ਹੈ ਕਿ ਜੋ ਮੁੰਡੇ ਕੁੜੀਆਂ 20-25 ਸਾਲ ਦੀ ਉਮਰ ਤੱਕ ਇਸ ਨਾਮੁਰਾਦ ਆਦਤ ਤੋਂ ਬਚੇ ਰਹਿੰਦੇ ਹਨ, ਉਹ ਬਾਅਦ ਵਿਚ ਵੀ ਇਸ ਵੱਲ ਘੱਟ ਹੀ ਆਕਰਸ਼ਿਤ ਹੁੰਦੇ ਹਨ। ਦੂਜੇ ਪਾਸੇ ਤੰਬਾਕੂ ਉਦਯੋਗਪਤੀਆਂ 'ਤੇ ਇਹ ਧੁਨ ਸਵਾਰ ਹੈ ਕਿ ਇਨ੍ਹਾਂ ਕੱਚੇ ਪਿੱਲਿਆਂ ਨੂੰ ਸਮਝਦਾਰ ਹੋਣ ਤੋਂ ਪਹਿਲਾਂ ਹੀ ਇਸ ਦੀ ਚਾਟ ਲਾ ਕੇ ਇਸ ਦਾ ਚਿਰ-ਸਥਾਈ ਲਾਹਾ ਖੱਟਿਆ ਜਾਏ।

ਟੀ.ਵੀ. ਦੇ ਪਰਦੇ 'ਤੇ ਵਿਸਕੀ, ਰੱਮ ਤੇ ਬੀਅਰ ਦੇ ਇਸ਼ਤਿਹਾਰਾਂ ਦੀ ਚੋਖੀ ਭਰਮਾਰ ਹੁੰਦੀ ਹੈ। ਇਨ੍ਹਾਂ ਵਿਚ ਸ਼ਰਾਬਨੋਸ਼ੀ ਨੂੰ ਕਿ ਗੌਰਵਮਈ ਸ਼ੁਗਲ ਅਤੇ ਸਿਸ਼ਟ ਤੇ ਅਗਾਂਹ-ਵਧੂ ਵਿਵਹਾਰ ਦੇ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ। ਭਾਵੇਂ ਭਾਰਤੀ ਨਾਰੀਆਂ ਵਿਚ ਅਜੇ ਇਸ ਦਾ ਰਿਵਾਜ਼ ਬਹੁਤ ਘੱਟ ਹੈ, ਉਨ੍ਹਾਂ ਨੂੰ ਮਰਦਾਂ ਦੀ ਸੰਗਤ ਵਿਚ ਮਦਮਸਤ ਹਾਲਤ ਵਿਚ ਦਿਖਾ ਕੇ ਇਹ ਪ੍ਰਭਾਵ ਉਤਪੰਨ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਉਹ ਮਰਦਾਂ ਤੋਂ ਕਿਸੇ ਤਰ੍ਹਾਂ ਪਿੱਛੇ ਨਹੀਂ। ਸ਼ਰਾਬਨੋਸ਼ੀ ਨੂੰ ਜਵਾਂਮਰਦੀ ਤੇ ਕੁਸ਼ਲਤਾ ਨਾਲ ਵੀ ਜੋੜਿਆ ਜਾਂਦਾ ਹੈ।

ਅਜਿਹੇ ਇਸ਼ਤਿਹਾਰਾਂ ਦਾ ਇਕੋ ਇਕ ਮਕਸਦ ਅੱਲ੍ਹੜ ਜਵਾਨੀਆਂ ਨੂੰ ਨਸ਼ਿਆਂ ਦੇ ਲੜ ਲਾਉਣਾ ਹੈ, ਤਾਂ ਜੁ ਉਹ ਅਮਲ ਸਹੇੜ ਲੈਣ ਅਤੇ ਫਿਰ ਉਨ੍ਹਾਂ ਦਾ ਰੱਜਵਾਂ ਸੋਸ਼ਣ ਕੀਤਾ ਜਾ ਸਕੇ। ਪ੍ਰਸਿੱਧ ਫ਼ਿਲਮੀ ਸਿਤਾਰਿਆਂ ਤੇ ਮਾਡਲ ਹਸਤੀਆਂ ਦੀਆਂ ਸੇਵਾਵਾਂ ਖਰੀਦ ਕੇ ਤੰਬਾਕੂ ਉਦਯੋਗਪਤੀ ਆਪਣੇ ਨਾਪਾਕ ਇਰਾਦਿਆਂ ਨੂੰ ਅਮਲੀ ਰੂਪ ਦੇਂਦੇ ਹਨ। ਜੇ ਸਾਡੇ ਪ੍ਰਿਯ ਫ਼ਿਲਮ ਸਟਾਰ ਹੀ ਨਸ਼ਿਆਂ ਦੇ ਪ੍ਰਚਾਰਕ ਬਣ ਜਾਣ ਤਾਂ ਉਨ੍ਹਾਂ ਦੇ ਫੈਨ (fan) ਕਿਵੇਂ ਨਾ ਉਨ੍ਹਾਂ ਦੀਆਂ ਆਸਾਂ ਉਮੀਦਾਂ 'ਤੇ ਖਰੇ ਉਤਰਨ ਦੀ ਕੋਸ਼ਿਸ਼ ਕਰਨਗੇ?

ਸਿਗਰਟ ਤੋਂ ਇਲਾਵਾ ਹੋਰ ਅਨੇਕ ਤੰਬਾਕੂ-ਉਤਪਾਦਾਂ, ਜਿਵੇਂ ਬੀੜੀ, ਜ਼ਰਦਾ, ਖੈਣੀ, ਗੁਟਖਾ, ਨਸਵਾਰ, ਤੰਬਾਕੂ ਵਾਲੇ ਦੰਤ-ਮੰਜਨ ਤੇ ਟੁੱਥ ਪੇਸਟਾਂ ਦੀ ਆਮ ਵਰਤੋਂ ਹੋ ਰਹੀ ਹੈ। ਇਨ੍ਹਾਂ ਦੇ ਇਸ਼ਤਿਹਾਰ ਸਥਾਨਿਕ ਬੋਲੀਆਂ ਵਾਲੇ ਅਖ਼ਬਾਰਾਂ ਤੇ ਰਸਾਲਿਆਂ ਵਿਚ ਛਪਦੇ ਰਹਿੰਦੇ ਹਨ।

ਦੂਰਦਰਸ਼ਨ ਸ਼ਰਾਬ ਅਤੇ ਤੰਬਾਕੂ ਦੇ ਵਿਗਿਆਪਨ ਸਵੀਕਾਰ ਨਹੀਂ ਕਰਦਾ। ਸੈਟੇਲਾਈਟ ਤੇ ਕੇਬਲ ਟੀ.ਵੀ. ਦੇ ਜ਼ਿਆਦਾਤਰ ਚੈਨਲ ਸ਼ਰਾਬ ਦੇ ਇਸ਼ਤਿਹਾਰਾਂ ਦਾ ਤਾਂ ਸੁਆਗਤ ਕਰਦੇ ਹਨ, ਪਰੰਤੂ ਤੰਬਾਕੂ-ਉਤਪਾਦਾਂ ਦੇ ਇਸ਼ਤਿਹਾਰ ਪ੍ਰਸਾਰਤ ਕਰਨ ਤੋਂ ਗੁਰੇਜ਼ ਕਰਦੇ ਹਨ। ਫਿਰ ਵੀ ਤੰਬਾਕੂ ਉਦਯੋਗਪਤੀਆਂ ਦੇ ਹੌਂਸਲੇ ਬੁਲੰਦ ਹਨ। ਉਨ੍ਹਾਂ ਨੂੰ ਚੋਰ-ਦਰਵਾਜ਼ੇ ਰਾਹੀਂ ਗੁੱਝੇ ਢੰਗ ਨਾਲ ਟੀ.ਵੀ. 'ਤੇ ਹੀ ਆਪਣੀ ਇਸ਼ਤਿਹਾਰਬਾਜ਼ੀ ਦੇ ਅਵਸਰ ਮਿਲ ਜਾਂਦੇ ਹਨ। ਅਸੀਂ ਇਸ ਦੀਆਂ ਕੁਝ ਮਿਸਾਲਾਂ ਪੇਸ਼ ਕਰਦੇ ਹਾਂ।

ਪਾਨ ਮਸਾਲਾ ਇਕ ਬੜੀ ਹਾਨੀਕਾਰਕ ਵਸਤੂ ਹੈ। ਇਹ ਮੂੰਹ ਦੇ ਕੈਂਸਰ ਦਾ ਮੁੱਖ ਕਾਰਨ ਹੈ। ਇਸ ਸਮੇਂ ਮਾਰਕੀਟ ਵਿਚ ਇਸ ਦੇ 50 ਤੋਂ ਵੱਧ ਬਰਾਂਡ ਹਨ, ਜਿਨ੍ਹਾਂ ਵਿਚੋਂ ਦਰਜਨ ਭਰ ਦੀ ਭਰਪੂਰ ਇਸ਼ਤਿਹਾਰਬਾਜ਼ੀ ਬੜੇ ਪ੍ਰਭਾਵਸ਼ਾਲੀ ਨਾਟਕੀ ਢੰਗ ਨਾਲ ਨਿੱਤ ਟੀ.ਵੀ. 'ਤੇ ਹੋ ਰਹੀ ਹੈ। ਇਨ੍ਹਾਂ ਇਸ਼ਤਿਹਾਰਾਂ ਵਿਚ ਪਾਨ ਮਸਾਲੇ ਨੂੰ ਫੈਸ਼ਨੇਬਲ ਲੋਕਾਂ ਦੀ ਪਸੰਦ ਅਤੇ ਜੀਵਨ ਨੂੰ ਮੰਗਲਮਈ ਬਣਾਉਣ ਵਾਲੀ ਵਸਤੂ ਦੇ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ। ਇਹ ਵਿਗਿਆਪਨ ਵਿਸ਼ੇਸ਼ ਕਰਕ ਕੇ ਬੱਚਿਆਂ ਲਈ ਬੜੇ ਆਕਰਸ਼ਣਕਾਰੀ ਸਿੱਧ ਹੋ ਰਹੇ ਹਨ ਅਤੇ ਉਹ ਖੁਦ ਇਸ ਫੈਸ਼ਨ ਨੂੰ ਅਪਨਾਉਣ ਲਈ ਬੇਤਾਬ ਹੋ ਉੱਠਦੇ ਹਨ। ਸੜਕਾਂ ਕਿਨਾਰੇ ਬੈਠੇ ਫੜ੍ਹੀ ਵਾਲਿਆਂ ਕੋਲ ਅਤੇ ਕਰਿਆਨਾ, ਚਾਹ ਤੇ ਪਾਨ ਦੀਆਂ ਦੁਕਾਨਾਂ 'ਤੇ ਲਟਕਦੀਆਂ ਪਾਨ ਮਸਾਲੇ ਦੇ ਖੂਬਸੂਰਤ ਪੈਕਟਾਂ ਦੀਆਂ ਲੜੀਆਂ, ਉਨ੍ਹਾਂ ਨੂੰ ਵਿਸ਼ੇਸ਼ ਧੂਹ ਪਾਂਦੀਆਂ ਹਨ। ਕੀਮਤ (ਇਕ ਰੁਪਿਆ ਪ੍ਰਤੀ ਪੈਕਟ) ਵੀ ਉਨ੍ਹਾਂ ਦੀ ਪਹੁੰਚ ਤੋਂ ਬਾਹਰ ਨਹੀਂ ਹੁੰਦੀ।

ਪਾਨ ਮਸਾਲੇ ਦਾ ਨਿਰਮਾਤਾ ਇਕ ਤੀਰ ਨਾਲ ਦੋ ਨਿਸ਼ਾਨੇ ਸਾਧ ਰਿਹਾ ਹੁੰਦਾ ਹੈ। ਸਾਧਾਰਨ ਪਾਨ ਮਸਾਲੇ ਵਿਚ ਤੰਬਾਕੂ ਦੀ ਅਣਹੋਂਦ ਕਾਰਨ ਟੀ.ਵੀ. ਉਸ ਦਾ ਇਸ਼ਤਿਹਾਰ ਨਸ਼ਰ ਕਰ ਦੇਂਦਾ ਹੈ, ਪਰੰਤੂ ਇਕੋ ਨਾਂ ਹੇਠ ਨਿਰਮਾਤਾ ਪਾਨ ਮਸਾਲਾ ਤੇ ਗੁਟਕਾ (ਤੰਬਾਕੂ-ਮਿਸ਼ਿਰਤ ਪਾਨ ਮਸਾਲਾ) ਦੋਹਾਂ ਦਾ ਨਿਰਮਾਣ ਕਰਦਾ ਹੈ। ਪਾਨ ਪਰਾਗ ਨਾਮੀ ਪਾਨ ਮਸਾਲਾ ਵੀ ਉਪਲਬਧ ਹੈ ਤੇ ਗੁਟਕਾ ਵੀ। ਚੁਟਕੀ ਮਾਊਥ ਫ਼ਰੈਸ਼ਨਰ (Chutki Mouth Freshener) ਨਾਂ ਦਾ ਪਾਨ ਮਸਾਲਾ ਵੀ ਮਿਲਦਾ ਹੈ ਅਤੇ ਗੁਟਕਾ ਵੀ। ਟੀ.ਵੀ. 'ਤੇ ਪ੍ਰਸਾਰਤ ਪਾਨ ਮਸਾਲੇ ਦੇ ਇਸ਼ਤਿਹਾਰ ਨਾਲ ਉਸੇ ਨਾਂ ਦੇ ਗੁਟਕੇ ਦੀ ਇਸ਼ਤਿਹਾਰਬਾਜ਼ੀ ਵੀ ਆਪਣੇ ਆਪ ਹੋ ਜਾਂਦੀ ਹੈ। ਬੱਚਾ ਪਾਨ ਮਸਾਲਾ ਖਾਣਾ ਸ਼ੁਰੂ ਕਰਦਾ ਹੈ। ਛੇਤੀ ਹੀ ਆਪਣੇ ਆਪ, ਜਾਂ ਦੁਕਾਨਦਾਰ ਦੀ ਸਿਫਾਰਸ਼ ਜਾਂ ਸ਼ਰਾਰਤ ਕਾਰਨ ਉਹ ਉਸੇ ਨਾਂ ਦਾ ਗੁਟਕਾ ਲੈਣ ਲੱਗ ਪੈਂਦਾ ਹੈ। ਇਸ ਵਿਚ ਸ਼ਾਮਲ ਤੰਬਾਕੂ ਤੋਂ ਉਸ ਨੂੰ ਵਧੇਰੇ ਚੁਸਤੀ ਤੇ ਉਤੇਜਨਾ (Kick) ਦਾ ਅਹਿਸਾਸ ਹੁੰਦਾ ਹੈ। ਗੁਟਕਾ ਚੱਬਣਾ ਉਸ ਦਾ ਨਿੱਤ ਦਾ ਦਸਤੂਰ ਜਾਂ ਮਜਬੂਰੀ ਬਣ ਜਾਂਦਾ ਹੈ। ਅੱਗੇ ਚੱਲ ਕੇ ਹੋਰ ਵਧੇਰੇ ਉਤੇਜਨਾ ਲਈ ਉਹ ਜ਼ਰਦੇ ਨੂੰ ਮੂੰਹ ਮਾਰਨ ਲੱਗਦਾ ਹੈ ਜੋ ਹੋਰ ਵੀ ਸਸਤਾ ਹੈ। ਇਸ ਤਰ੍ਹਾਂ ਦੀ ਸ਼ੁਰੂਆਤ ਕਰਕੇ ਸਹਿਜੇ-ਸਹਿਜੇ ਬੱਚੇ ਦੇ ਕਦਮ ਹੋਰ ਕਈ ਨਸ਼ਿਆਂ ਵੱਲ ਵੱਧ ਜਾਂਦੇ ਹਨ।

ਤੰਬਾਕੂ ਉਦਯੋਗਪਤੀਆਂ ਨਾਲ ਸਰਕਾਰ ਦੀ ਅਨੁਚਿਤ ਭਾਗੀਦਾਰੀ ਦੇ ਵੀ ਕੁਝ ਪ੍ਰਮਾਣ ਦੇਖਣ ਨੂੰ ਮਿਲੇ ਹਨ।

ਸਮਾਜ ਸੇਵੀ ਬੁੱਧੀਜੀਵੀਆਂ ਤੇ ਸੰਸਥਾਵਾਂ ਨੂੰ ਇਕਜੁੱਟ ਹੋ ਕੇ ਨਸ਼ਿਆਂ ਦੇ ਹੱਕ ਵਿਚ ਹੋ ਰਹੀ ਹਰ ਪ੍ਰਕਾਰ ਦੀ ਇਸ਼ਤਿਹਾਰਬਾਜ਼ੀ ਬੰਦ ਕਰਾਉਣ ਲਈ ਸਰਕਾਰ ਉੱਤੇ ਜ਼ੋਰ ਪਾਉਣਾ ਚਾਹੀਦਾ ਹੈ।



# ਕਾਵਿ-ਕਿਆਰੀ



## ਗਿਆਨ/ਹਰਬਖ਼ਸ਼ ਸਿੰਘ ਟਾਹਲੀ (ਲਫ਼ਜ਼ਾਂ ਦੀ ਲੋਏ ਲੋਏ)



ਬਚਪਨ ਵਿਚ ਮਿਲੇ ਗਿਆਨ
ਦਾ ਰੰਗ ਹੋਰ ਹੁੰਦਾ ਹੈ
ਅਤੇ ਹੋਰ ਹੁੰਦਾ ਹੈ ਰੰਗ
ਜਵਾਨੀ ਵਿਚ ਮਿਲੇ ਗਿਆਨ ਦਾ
ਬੁਢਾਪੇ ਵਿਚ ਮਿਲੇ ਗਿਆਨ
ਦਾ ਰੰਗ ਬਿਲਕੁੱਲ ਨਹੀਂ ਹੁੰਦਾ
ਤੇ ਉਹ ਸਿਰਫ਼ ਗਿਆਨ ਹੁੰਦਾ ਹੈ।
ਬਚਪਨ ਦੇ ਗਿਆਨ ਵਿਚ ਪ੍ਰਬਲ ਹੁੰਦੀ ਹੈ ਇੱਛਾ
ਅੰਮ੍ਰਿਤ ਨੂੰ ਪੀਣ ਦੀ
ਜਵਾਨੀ ਦਾ ਗਿਆਨ ਪੈਦਾ ਕਰਦਾ ਹੈ ਤੜਪ
ਵਸਲ ਹੰਢਾਉਣ ਦੀ
ਤੇ ਬੁਢਾਪੇ ਦੇ ਗਿਆਨ ਵਿਚ
ਪ੍ਰਗਟਦੀ ਹੈ ਸਹਿਜਤਾ
ਉਹ ਧਰਤੀ ਵੱਲੋਂ ਮੁੱਖ ਮੋੜਦਾ ਹੈ
ਅਤੇ ਜਾ ਬੈਠਦਾ ਹੈ ਸਮੁੰਦਰ ਦੇ ਕਿਨਾਰੇ
ਜਿੱਥੋਂ ਉਸ ਨੂੰ ਹੁੰਦੀ ਨਹੀਂ ਕਾਹਲੀ
ਸਮੁੰਦਰ ਵਿਚ ਛਲਾਂਗ ਮਾਰਨ ਦੀ
ਤੇ ਨਾ ਹੀ ਰਹਿੰਦੀ ਹੈ ਕੋਈ ਇੱਛਾ
ਮੁੜ ਧਰਤੀ ਵੱਲ ਪਲਟ ਕੇ ਦੇਖਣ ਦੀ
ਉਦੋਂ ਉਹ ਫੁੱਲ ਨਹੀਂ ਹੁੰਦਾ
ਤੇ ਨਾ ਹੀ ਹੁੰਦਾ ਹੈ ਕੰਡਾ
ਉਦੋਂ ਉਹ ਭਾਵਕ ਵੀ ਨਹੀਂ ਹੁੰਦਾ
ਸਥਿਰ ਹੁੰਦਾ ਹੈ
ਤੇ ਉਹ ਯਾਦ ਵੀ ਨਹੀਂ ਕਰਦਾ
ਆਪਣੇ ਗੁਜ਼ਾਰੇ ਹੋਏ ਪਲਾਂ ਨੂੰ
ਤੇ ਉਹ ਸਮਝਦਾ ਹੈ ਆਪਣੇ ਆਪ ਨੂੰ
ਉਹ ਪੱਥਰ, ਜੋ ਜੁੱਗਾਂ ਤੋਂ
ਸਮਾਧੀ ਦੀ ਓੜ ਲਾਈ ਪਿਆ ਹੋਵੇ
ਬੁੱਢਾ ਹੋਇਆ ਗਿਆਨ ਹੁੰਦੀ ਨਹੀਂ ਦਾਸਤਾਂ
ਮੌਤ ਅਤੇ ਜੀਵਨ ਦੇ ਸਫ਼ਰ ਦੀ
ਬੁੱਢਾ ਹੋਇਆ ਗਿਆਨ ਸਫ਼ਰ ਹੈ
ਜੋ ਅੰਤ ਤੋਂ ਸ਼ੁਰੂ ਹੁੰਦਾ ਹੈ
ਤੇ ਸ਼ੁਰੂ ਵੱਲ ਨੂੰ ਤੁਰ ਪੈਂਦਾ ਹੈ।

* * * * *

## ਪਾਣੀ ਹੋਏ ਵਿਚਾਰ/ਲਖਵਿੰਦਰ ਜੌਹਲ



ਰਿਸ਼ਤੇ-ਨਾਤੇ ਮਿੱਟੀ ਹੋ ਗਏ
ਪਾਣੀ ਹੋਏ ਵਿਚਾਰ
ਸਾਰੀ ਮਿਸ਼ਰੀ ਮਿਰਚਾਂ ਹੋ ਗਈ
ਕਿੱਤ ਕਰੀਏ ਇਤਬਾਰ

ਸੋਚਾਂ ਸੀਤ ਸਮੁੰਦਰ ਹੋਈਆਂ
ਅੱਖਾਂ ਅੱਗ ਦੇ ਅੱਥਰੂ ਰੋਈਆਂ
ਤੁਰੇ ਕਾਫ਼ਲੇ ਕੋਹਾਂ ਤੀਕਰ
ਪਰ ਨਾ ਮੁੱਕੀਆਂ ਵਾਟਾਂ
ਨਫ਼ਰਤ, ਜ਼ਹਿਰ, ਕੁੜੱਤਣ, ਹਉਮੈ
ਡੰਗਣ ਵਾ-ਰਮ-ਵਾਰ
ਸਾਰੀ ਮਿਸ਼ਰੀ ਮਿਰਚਾਂ ਹੋ ਗਈ
ਪਾਣੀ ਹੋਏ ਵਿਚਾਰ

ਰੋਟੀ ਦੇ ਰਾਹਾਂ ਵਿਚ ਗੁੰਮੇ
ਸੁਪਨੇ ਮੁੜ ਨਾ ਲੱਭੇ
ਮੁੜ ਮੁੜ ਉੱਠੇ ਚਾਅ ਨੱਚਣ ਦੇ
ਮੁੜ ਮੁੜ ਦਿਲ ਵਿਚ ਦੱਬੇ
ਕੀ ਖੋਇਆ ਕੀ ਪਾਇਆ ਏਥੋਂ
ਸਭ ਸੋਚਾਂ ਬੇਕਾਰ
ਸਾਰੀ ਮਿਸ਼ਰੀ ਮਿਰਚਾਂ ਹੋ ਗਈ
ਪਾਣੀ ਹੋਏ ਵਿਚਾਰ

ਅੱਖਾਂ ਵਿਚ ਸਮੁੰਦਰ ਬਲਦਾ
ਮਰਘਟ ਵਰਗਾ ਮੰਜ਼ਰ
ਕਿਤੇ ਕਿਤੇ ਆਸਾਂ ਦਾ ਜੁਗਨੂੰ
ਦੇਵੇ ਦਰਸ-ਦੀਦਾਰ
ਕਿਸ਼ਤੀ ਆਪ ਕਿਨਾਰਾ ਹੋਵੇ
ਜਦ ਖੁੱਲ੍ਹਣ ਪਤਵਾਰ
ਸਾਰੀ ਮਿਸ਼ਰੀ ਮਿਰਚਾਂ ਹੋ ਗਈ
ਪਾਣੀ ਹੋਏ ਵਿਚਾਰ

ਨੋਚ ਨੋਚ ਕੇ ਨਜ਼ਰਾਂ ਨਿਸ ਦਿਨ
ਚਸ਼ਮੇ ਵੰਡਣ ਦਾਨੀ
ਕਿਸਮਤ ਦੀ ਕੈਨਵਸ 'ਤੇ ਲਿਖ ਗਈ
ਜੋ ਕਾਦਿਰ ਦੀ ਕਾਨੀ
ਮੁੜ੍ਹਕੇ ਵਿਚ ਡਬੋ ਕੇ ਕਲਮਾਂ
ਖ਼ੁਦ ਲਿਖੀਏ ਇਕ ਵਾਰ...
ਸਾਰੀ ਮਿਸ਼ਰੀ ਮਿਰਚਾਂ ਹੋ ਗਈ
ਕਿਤ ਕਰੀਏ ਇਤਬਾਰ
ਰਿਸ਼ਤੇ-ਨਾਤੇ ਮਿੱਟੀ ਹੋ ਗਏ
ਪਾਣੀ ਹੋਏ ਵਿਚਾਰ।

*****

## ਤੁਸੀਂ ਸੁਣੋ ਖਾਂ ਦੀਨ ਦਿਆਲੋ

ਤੁਸੀਂ ਸੁਣੋ ਖਾਂ ਦੀਨ ਦਿਆਲੋ ਜੀ, ਤੁਸੀਂ ਚੁੱਪ-ਚੁੱਪ ਕਾਹਤੋਂ ਰਹਿੰਦੇ ਹੋ।
ਲਾਲ ਹੋਏ ਨੇ ਚਾਰੇ ਵਰਨ ਯੋਗ, ਤੁਸੀਂ ਵਿਆਹ ਦਾ ਨਾਂ ਕਿਉਂ ਨੀ ਲੈਂਦੇ ਹੋ।
ਤੂੰ ਸੁਣੀ ਸਾਹਿਬ ਕੌਰੇ, ਸ਼ਗਨਾਂ ਦੇ ਗਾਨੇ ਤਾਂ ਰੰਗੇ ਹੋਏ ਨੇ।
ਤੂੰ ਚੁੱਪ ਕਰ ਭਾਗਾਂ ਵਾਲੀਏ ਨੀ, ਇਹ ਚਾਰੇ ਮੰਗੇ ਹੋਏ ਨੇ।
ਤੁਸੀਂ ਏਨੇ ਚਿਰਾਂ ਦੀ ਸੁਆਮੀ ਜੀ, ਗੱਲ ਕਦੇ ਵੀ ਨਾ ਸੁਣਾਈ ਏ।
ਤੁਸੀਂ ਕਿੱਥੇ ਮੇਰੇ ਲਾਲਾਂ ਦੀ, ਤੇ ਕਦ ਕੀਤੀ ਕੁੜਮਾਈ ਏ।
ਅਜੇ ਸਾਹਿਬ ਕੌਰੇ ਕੁਝ ਦੇਰੀ ਏ, ਕੋਈ ਦੋ ਚਾਰਾ ਦਿਨ ਦਾ ਈ ਉਹਲਾ ਏ।
ਜੰਝ ਚਾੜ੍ਹਨਗੇ ਸਾਡੇ ਮਾਤਾ ਜੀ, ਗੰਗੂ ਹੀ ਖਾਸ ਵਿਚੋਲਾ ਏ।
ਜੋ ਕੀਤਾ ਏ ਸੋ ਚੰਗਾ ਏ, ਇੱਕ ਗੱਲ ਜ਼ਰੂਰੀ ਕਰਨੀ ਸੀ।
ਤੁਸੀਂ ਵੇਖ ਕੇ ਚੰਗਾ ਖ਼ਾਨਦਾਨ, ਪਰ ਫੇਰ ਵੀ ਹਾਮੀ ਭਰਨੀ ਸੀ।
ਕੁੜੀਆਂ ਵੀ ਦੋਵੇਂ ਸੋਹਣੀਆਂ ਨੇ, ਕੁੜਮਾਂ ਦੀ ਸ਼ਾਨ ਵੀ ਸੋਹਣੀ ਏ।
ਨਾ ਦੋ ਤੇ ਹੈ ਪਰ ਇਕ ਲੜਕੀ, ਇਕ ਮੌਤ ਤੇ ਦੂਜੀ ਹੋਣੀ ਏ।
ਮੈਂ ਸਦਕੇ ਤੇਰੇ ਲਾਲਾਂ ਤੋਂ, ਤੁਸੀਂ ਦਾਤਾ ਇਹ ਕੀ ਕਹਿੰਦੇ ਹੋ।
ਮੈਂ ਗੱਲ ਕਰਦੀ ਹਾਂ ਸ਼ਗਨਾਂ ਦੀ, ਤੁਸੀਂ ਨਾਂ ਮੌਤ ਦਾ ਲੈਂਦੇ ਹੋ।
ਮੈਂ ਸਮਝਦਾ ਹਾਂ ਭਾਗਾਂ ਵਾਲੀਏ ਨੀ, ਇਹ ਪੁੱਤਰ ਮੇਵੇ ਮਿੱਠੇ ਨੇ।
ਪਰ ਸੱਚੇ ਸਤਿਗੁਰ ਏਸੇ ਲਈ, ਸਾਨੂੰ ਇਹ ਪੁੱਤਰ ਦਿੱਤੇ ਨੇ।

**ਧੰਨਵਾਦ ਸਹਿਤ-ਪੁਸਤਕ ਸਾਹਿਬਜ਼ਾਦਿਆਂ ਦੇ ਸ਼ਹੀਦੀ ਪ੍ਰਸੰਗ 'ਚੋਂ**
**ਛਾਪਕ-ਯੂਰਪੀਨ ਪੰਜਾਬੀ ਸੱਥ-ਵਾਲਸਾਲ (ਯੂ.ਕੇ.)**

*****

## ਪੰਜਵੀਂ ਉਦਾਸੀ/ਅੰਜਨਾ ਮੈਨਨ

ਮੋਦੀਖਾਨੇ ਦੇ ਮਾਲਕ ਨੇ
ਮੇਰਾ-ਮੇਰਾ ਦੀ ਰਟ ਲਾਈ ਹੈ...
ਲੋਕਾਂ ਦੇ ਭੁੱਖੇ ਢਿੱਡਾਂ ਦਾ ਰਿਜਕ ਖੋਹ ਛਾਤੀ ਦਾ
ਸੀਨਾ ਹੋਰ ਚੌੜਾ ਕਰ ਤੁਰਦਾ ਹੈ...

ਜ਼ੁਲਮ ਦੇ ਭਾਰ ਨਾਲ ਧਰਤੀ ਹੋਰ ਬੋਝਲ ਹੋ ਰਹੀ ਸੀ,
ਧੌਲੇ ਬਲਦ ਨੇ ਥੱਕ ਕੇ ਆਪਣੇ ਸਿੰਗ ਦਾ ਪਾਸਾ ਬਦਲਿਆ ਹੈ...
ਉਸੇ ਦਿਨ ਤੋਂ ਮਾਂ ਨੂੰ ਕਾਲੇ, ਮਾਰੂ ਦੋਜਖਾਂ ਤੋਂ ਮੁਕਤੀ ਦੀ ਆਸ ਹੈ।

ਧਰਤੀ ਦੇ ਜਰਖੇਜ ਕੋਨੇ 'ਚ
ਰਾਤ ਦੀ ਸਰਦਲ ਉੱਤੇ...
ਨਵਾਂ ਬ੍ਰਹਿਮੰਡ ਜਨਮਿਆਂ ਹੈ...
ਜਿਸ ਦੇ ਰੰਗਾਂ ਦੀ ਤਾਸੀਰ 'ਚ ਸੂਕਦਾ ਨੂਰ ਹੈ...

ਕਾਲੇ ਬੱਦਲਾਂ ਨੇ ਵੀ ਚਾਰੇ ਕੰਨੀਆਂ ਜੋੜੀਆਂ...
ਪਰ ਸੂਰਜ ਦੀ ਮਿਹਰ ਨਾਲ ਸੁਰਤਿ 'ਚ ਸਬਰ,
ਏਕੇ ਤੇ ਚਿੰਤਨ ਦੀਆਂ ਕਣੀਆਂ ਬਰਸੀਆਂ ਨੇ...

ਫਸਲਾਂ ਉੱਤੇ ਲਾਲੀ ਦੀ ਭਾਅ ਹੈ
ਸੁਨਹਿਰੀ ਧੁੱਪਾਂ ਹੁਣ ਬਾਹਵਾਂ ਪਸਾਰ ਚੁੱਕੀਆਂ ਨੇ
ਉਦਾਸ ਧੁਖਦੀਆਂ ਰੁੱਤਾਂ ਦੀ ਮੁੰਡੇਰ ਤੇ
ਆਸ ਦਾ ਮੋਰ ਪੈਲਾਂ ਪਾਉਂਦਾ ਹੈ...

ਖੇਤਾਂ ਦੇ ਪੈਰ ਉੱਗ ਆਏ ਹਨ ਤੇ
ਉਹਨਾਂ ਪੈਰਾਂ ਵਿੱਚ ਹਜ਼ਾਰਾਂ ਸੂਰਜ ਹਨ...
ਪਰ ਫਿਰ ਵੀ... ਇਹ ਭਾਣੇ 'ਚ ਨੇ, ਰਜਾ 'ਚ ਨੇ...!
ਇਹ ਰਾਖੇ ਤਾਂ ਸਚਮੁੱਚ ਅਦੁੱਤੀ ਰਾਖੇ ਹਨ...

ਲੋਕ ਹੜ੍ਹ ਚੜ੍ਹਿਆ ਹੈ
ਧਰਤੀ ਪੁੱਤ, ਕਿਰਤੀ ਅਤੇ ਗਰੀਬ ਮਜਲੂਮ ਰਲ
ਪੰਜਵੀਂ ਉਦਾਸੀ ਤੇ ਹਨ...

*****

# ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ
# ਕੱਖਾਂ ਵਾਂਗੂ ਰੁੱਲ ਜਾਵੋਗੇ

# जीवन में शिक्षा का महत्त्व

इस प्रतियोगी संसार में सभी के लिए शिक्षा का बहुत महत्त्व है। यह आत्मविश्वास को विकसित करती है। बेहतर शिक्षा सभी के लिए जीवन में आगे बढ़ने और सफलता प्राप्त करने के लिए बहुत आवश्यक है। हमारी अच्छी और बुरी शिक्षा यह निर्धारित करती है कि हम भविष्य में किस प्रकार के व्यक्ति बनेगें। यह हमारे ज्ञान के स्तर, तकनीकी कौशल और नौकरी में उच्च पद को प्राप्त करने के द्वारा हमें सामाजिक, मानसिक और बौद्धिक रूप से मजबूत बनाती है। हर बच्चा अपने जीवन में सपना देखता है, जिसे शिक्षा के माध्यम से प्राप्त किया जा सकता है। शिक्षा एक ऐसा यंत्र है, जो हम सभी को जीवन भर लाभान्वित करता है। जीवन में कुछ अलग करने और सफलता प्राप्त करने के लिए इसका बहुत महत्त्व होता है। यह जीवन में बहुत मदद करती है और जीवन में बहुत सी चुनौतियों का सामना करने के पाठ पढ़ाती है। यह मनुष्य को आत्मर्निभर बनाती है। यह जीवन में विभिन्न और बेहतर संभावनाओं के प्राप्त करने के लिए विभिन्न दरवाजे खोलती है। जिससे कैरियर के विकास में बढ़ावा मिलता है। यह देश के विकास में ओर बढ़ावा करती है। शिक्षा स्त्री और पुरूष दोनों के लिए समान रूप से आवश्यक है, क्योंकि दोनों मिलकर ही स्वास्थ्य और शिक्षित समाज का निर्माण करते है। आधुनिक तकनीकी संसार में शिक्षा मुख्य भूमिका को निभाती है।

शिक्षा लोगों के मस्तिष्क को बड़े स्तर पर विकसित करती है। समाज में लोगों के बीच सभी भेदभावों को हटाने में मदद करती है। यह हमें जीवन के हर पहलू को समझाने के लिए सूझ-बूझ को विकसित करती है। यह सभी मानव अधिकारों, सामाजिक अधिकारों, देश के प्रति कर्त्तव्यों और दायित्वों को समझने में मदद करती है। यह मनुष्य के जीवन के हर पहलू का विकास होता है। यह असमानता को हटाने में पूरी तरह सक्षम है। शिक्षा एक ऐसा उपकरण है, जो जीवन समान ओर राष्ट्र में सभी असंभव स्थितियों को संभव बनाती है। अंत में मैं आपको यही कहना चाहता हूँ कि अगर शिक्षा का इतना महत्त्व है तो आप मन लगाकर पढ़ाई करें और माता-पिता का नाम रोशन करें।

**करनजोत सिंह**

# मधुर वाणी का महत्त्व

वाणी मनुष्य को ईश्वर की अनुपम देन है। मनुष्य का भाषा पर विशेष अधिकार है। भाषा के कारण ही मनुष्य इतनी उन्नति कर सका है। हमारी वाणी में मधुरता का जितना अधिक अंश होगा हम उतने ही दूसरों के प्रिय बन सकते है। हमारी बोली में माधुर्य के साथ-साथ शिष्टता भी होनी चाहिए। मधुर वाणी मनोनुकूल होती है। जो कानों में पड़ने पर चित्त द्रवित हो उठता है वाणी की मधुरता हृदय द्वार खोलने की कुंजी है। एक ही बात में हम कटु शब्दों में कहते है और उसी को हम मधुर बना सकते है। वार्तालाप की शिष्टता मनुष्य को आदर का पात्र बनाती है और समाज में उसकी सफलता के लिए रास्ता साफ कर देती है। कटु वाणी आदमी को रूष्ट कर सकती है तो इसके विपरीत मधुर वाणी दूसरे को प्रसन्न भी कर सकती है। हमारी वाणी ही हमारी शिक्षा-दीक्षा, कुल की परंपरा और मर्यादा का परिचय देती है। इसलिए हमें वार्तालाप में व्यापारिक बातचीत एवं निजी बातचीत में थोड़ा अंतर रखना चाहिए। वाणी किसी भी स्थिति में कटु एवं अशिष्ट नहीं होनी चाहिए।

**प्रिंस**

# दिन और रात

*हरलीन कौर*

सुबह-सवेरे उगता सूरज,
उजियाला फैलाता है।
सूरज का उगना ही बच्चों,
दिन भी तो कहलाता है।

सूरज ढलता आसमान में,
चंदा मामा आता है।
साथ-साथ तारों को भी तो
चंदा मामा लाता है।

सूरज के ढल जाने पर ही,
रात अंधेरी आती है।
चंदा की किरणों से लेकिन,
उजियाला छा जाता है।

इसी तरह होते रहते हैं,
बच्चों ! ये अपने दिन-रात।
दिन उजला तो रात अंधेरी,
बस इतनी-सी है बात।

# प्यासा हिरण

रमा और रमेश दादा जी के गाँव से आने पर बहुत खुश थे। रात को बच्चों ने दादा जी से कहानी सुनी।

दादा जी बोले, एक जंगल में हिरण औह हिरणी रहते थे। उनका एक प्यारा-सा बच्चा था। धूप बहुत तेज़ थ। गर्मी का मौसम था। हिरण के बच्चे को प्यास लगी। वे तीनों पानी की खोज में घूमते रहे। पर कहीं पानी नहीं मिला। अन्त में थक कर वे एक पेड़ के नीचे बैठ गए। बच्चे ने माँ से कहा क्या इस जंगल में कहीं भी पानी नहीं है माँ ? हिरणी ने कहा, बेटा, क्या करूँ ? कुछ समय पहले इस जंगल में हरी-हरी घास खाने मिलती थी। यहाँ सभी जानवर बड़े आराम से रहते थे। पेड़ों पर पक्षी चहचहाते थे। पेड़ों के कटने से सब कुछ बदल गया है। अब वर्षा भी कम होती है। पानी के स्रोत भी सूख रहे हैं।

भोजन की भी कमी हो गई है। हिरणी बोली, ''अब तो बरसात में बाढ़ आने लगती है। भूमि कट रही है। साँस लेने के लिए शुद्ध हवा की भी कमी है। इसी कारण जानवरों और पक्षियों की संख्या घट कर आधी रह गई है। ऐसा लगता है हमें भी अपना घर छोड़ना पड़ेगा।'' हिरण के बच्चे ने फिर से पानी माँगा वे फिर से पानी की तलाश में निकल पड़े। कुछ दूरी पर उन्हें एक तालाब दिखाई दिया। उन्होंने वहाँ जाकर देखा कि तालाब का अधिकतर भाग सूख चुका था। थोड़े से पानी से उन्होंने अपनी प्यास बुझाई।

अचानक उन्हें आहट सुनाई दी। वे तीनों वहाँ से भाग गए। रमेश बोला दादा जी जंगल तो सभी के लिए जरूरी है। दादा जी ने रमेश को शाबाशी दी कि उसने बरसात में खाली जमीन पर पेड़ लगाने की बात की और दादा जी ने कहा कि यदि सभी ऐसा करें तो धरती हरी-भरी हो जाएगी। अब रमा और रमेश को नींद आने लगी और वे सोने चले गए।

**गुरकीरत कौर**



# पहेलियाँ

